੧ਓ

। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

# ਸ਼ਾਂਤਕੀ ਭੋਜਨ

## ਮਾਨਸ ਦੀ ਖੁਰਾਕ—ਸ਼ੁਧ ਆਹਾਰ

## ਜੈਸਾ ਅੰਨ ਵੈਸਾ ਮਨ

ਜਹਾਂ ਤਹਾਂ ਕਾ ਛਕੈ ਪ੍ਰਸ਼ਾਦ । ਸਿਖ ਨਹੀਂ ਮੇਰਾ ਆਦਿ ਜੁਗਾਦਿ ॥
ਜਾਂਕੀ ਰਹਤ ਨਾ ਜਾਣੀਐ ਗੁਰ ਮੰਤ੍ਰ ਨਹੀਂ ਚੀਤੁ ॥
ਤਿਨਕਾ ਭੋਜਨ ਖਾਇਕੈ । ਵਿਸਰੈ ਹਰਿ ਸਿਉਂ ਪ੍ਰੀਤੁ ॥ ਪਾਤ: ੧੦ ॥
ਭਾਂਗ ਮਾਛੁਲੀ ਸੁਰਾ ਪਾਨ । ਜੋ ਜੋ ਪ੍ਰਾਨੀ ਖਾਇ ॥
ਤੀਰਥ ਬਰਤ ਨੇਮ ਕੀਏ । ਸਭੈ ਰਸਾਤਲ ਜਾਇ ॥ ਕਬੀਰ ਜੀ ॥

[ ਮਾਸ, ਸ਼ਰਾਬ, ਤਮਾਕੂ ਵਰਤਣਾ ਗੁਰ ਮਰਯਾਦਾ ਨਹੀਂ ]

ਹੁਕਮਨਾਮਾ ਪਾਤ: ੧੦
ਇਤਿਹਾਸ ਰੀਸਰਚ ਬੋਰਡ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ।

ਖਾਲਸਾ ਕੀ ਰਹਤ ਰਹਿਣਾ—

ਭੰਗ, ਤਮਾਕੂ, ਅਫੀਮ, ਪੋਸਤ, ਦਾਰੂ, ਅਮਲ, ਮਾਸ-ਮੱਛੀ ਅਤੇ ਪਿਆਜ਼ ਨਹੀਂ ਖਾਣਾ ।

ਗੁਰੂ ਚਰਨਾਂ ਦਾ ਦਾਸ

**ਤੇਜਾ ਸਿੰਘ ਗਿਆਨੀ**

(ਲੇਖਕ)

Namdhari Elibrary NamdhariElibrary@gmail.com

[ ਸਾਰੇ ਹੱਕ ਲੇਖਕ ਦੇ ਰਾਖਵੇਂ ਹਨ ]

ਲੇਖਕ ਤੇ ਪ੍ਰਕਾਸ਼ਕ :
ਤੇਜਾ ਸਿੰਘ ਗਿਆਨੀ

ਛਾਪਕ :
ਰਵੀ ਆਰਟ ਪ੍ਰੈਸ, ਹੁਸ਼ਿਆਰਪੁਰ ਰੋਡ ਜਲੰਧਰ।

Namdhari Elibrary NamdhariElibrary@gmail.com

Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਭੂਮਿਕਾ

(ੳ) ਅਕਾਲ ਪੁਰਖ ਦੀ ਸੰਸਾਰ ਰਚਨਾ ਵਿਚ ਦੋ ਪੱਖ ਹਨ। ਸੁਰ ਤੇ ਅਸੁਰ ਦੇਵਤਾ ਬੁਧੀ ਅਤੇ ਰਾਕਸ਼ ਬੁਧੀ। ਇਹਨਾਂ ਦੋਹਾਂ ਸੁਭਾ ਦੇ ਬੰਦਿਆਂ ਦੇ ਕਰਮ ਕੀ ਹਨ। ਇਸ ਦੀ ਬਾਬਤ ਪਾਤਸ਼ਾਹੀ ਦਸਵੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ੍ਰੀ ਮੁਖਵਾਕ ਬਾਣੀ ਦਸਦੀ ਹੈ ਕਿ (ਸਾਧ ਕਰਮ ਜੋ ਪੁਰਖ ਕਮਾਵੈ ਨਾਮ ਦੇਵਤਾ ਜਗਤ ਕਹਾਵੈ। ਕੁਕਿਰਤ ਕਰਮ ਜੋ ਜਗ ਮੈਂ ਕਰਹੀ-ਨਾਮ ਅਸੁਰ ਤਿਨਕੋ ਪੁੰਨ ਧਰਹੀ)।

੧. ਸੁਕਿਰਤ, ਸਾਧ, ਕਰਮ, ਸਤੋ ਗੁਣੀ, ਸਤਿਸੰਗੀ, ਮਿਠਾ ਬੋਲਨਾ, ਸਾਂਤਕੀ ਭੋਜਨ ਮਾਸ ਸ਼ਰਾਬ ਤੋਂ ਰਹਤ, ਭਗਤੀ, ਸੇਵਾ, ਪਰਉਪਕਾਰ ॥

੨. ਕੁਕਿਰਤ, ਧਰਮ ਤੋਂ ਉਲਟ, ਤਲਖ ਤਾਮਸੀ ਸੁਭਾ, ਤਾਮਸੀ ਖੁਰਾਕ, ਮਾਸ ਸ਼ਰਾਬ, ਚੋਰੀ, ਯਾਰੀ, ਦੂਸਰੇ ਦਾ ਹੱਕ ਖੋਹਣਾ, ਕੁਸੰਗਤ।

ਮੇਰਾ ਸੋ ਜੋ ਰਹਤ ਰਹਾਵੈ। ਪਹਿਰ ਰਾਤ ਇਸਨਾਨ ਕਰਾਵੈ।
ਸੀਤਲ ਜਲ ਕੋ ਅੰਗੀ ਕਾਰੈ। ਜੇ ਨਾ ਹੋਇ ਤਪਤ ਕਰ ਬਾਰੈ।
ਰਹਤ ਪਿਆਰੀ ਮੁਝਕੋ ਸਿਖ ਪਿਆਰਾ ਨਾਹਿ ॥
ਜਾਕੀ ਰਹਿਤ ਨਾ ਜਾਣੀਐ ਗੁਰ ਮੰਤ੍ਰ ਨਹੀਂ ਚੀਤੁ।
ਤਿਨਕਾ ਭੋਜਨ ਖਾਇਕੇ ਵਿਸਰੇ ਹਰਿ ਸਿਉ ਪ੍ਰੀਤਿ।
ਜਬ ਲਗ ਖਾਲਸਾ ਰਹੈ ਨਿਆਰਾ ਤਬ ਲਗ ਤੇਜ ਦੀਉ ਹੈ ਸਾਰਾ।
ਜਬੈ ਖਾਲਸਾ ਰਲ ਮਿਲ ਜੈ ਹੈਂ। ਧਰਮਕਾ ਤੇਜ ਛੀਨ ਸਭ ਹਵੈਹੈਂ।
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦੈਯਾ ਛਿਮਾ ਤਨ ਪ੍ਰੀਤ।
ਸੀਲ ਸੰਤੋਖ ਸਦਾ ਨਿਰਬਾਹਬੋ। ਹਵੈਬੋ ਤ੍ਰਿਗੁਣ ਅਤੀਤੁ। [ਮੁਖਵਾਕ ਪਾਤ: ੧੦]

ਗੁਰ ਸਿਖ ਨੂੰ ਇਹ ਸਾਰੇ ਹੀ ਗੁਣ ਹਾਸਲ ਕਰਨ ਵਾਸਤੇ, ਆਪਣੇ ਸੁਭਾ ਨੂੰ ਦੇਵਤਾ ਬਣਾਉਣ ਵਾਸਤੇ। [੧] ਸਤਿਸੰਗ ਨਿਤਪ੍ਰਤੀ ਕਰਨਾ। [੨] ਆਹਾਰ ਸਤੋ ਗੁਣੀ [੩] ਵਿਦ-

ਹਾਰ ਸੁਧ ਕਰਨਾ ਚਾਹੀਦਾ ਹੈ । ਸੋ ਇਸ ਪ੍ਰਕਰਣ ਵਿਚ ਅਸੀਂ ਪਹਿਲਾਂ ਸਤਿਸੰਗ ਤੇ ਵਿਚਾਰ ਕਰਕੇ ਫਿਰ ਸੁਧ ਸਤੋਗੁਣੀ, ਅਹਾਰ ਤੇ ਵਿਚਾਰ ਕਰਨੀ ਹੈ ।

ਸਤਿਸੰਗ ਇਸ ਪੁਰਸ਼ ਨੂੰ ਜੀਵਨ ਵਿਚ ਪੰਜ ਕਿਸਮ ਦੀ ਮਿਲਦੀ ਹੈ ਜਿਸ ਤੋਂ ਇਸ ਨੂੰ ਸ਼ੁਭ, ਅਤੇ ਅਸ਼ੁਭ ਕਰਮ ਦੀ ਸਮਝ ਆਉਂਦੀ ਹੈ ।

[੧] ਮਾਤਾ ਪਿਤਾ ਦੀ ਬਾਲਪਨ ਤੋਂ ਹੋਸ਼ ਸੰਭਾਲਨ ਤਕ ।

[੨] ਹਮ ਉਮਰ ਅਤੇ ਸਕੂਲ ਦੇ ਸਾਥੀਆਂ ਦੀ ।

[੩] ਗੁਰਦੁਆਰਿਆਂ, ਤੀਰਥਾਂ, ਮੰਦਰਾਂ, ਮਸਜਦਾਂ ਵਿਚ ਜਾ ਕੇ ਪ੍ਰਚਾਰਕਾਂ ਦੀ ।

[੪] ਧਰਮ ਪੁਸਤਕਾਂ ਦੀ ਜਿਸ ਵਿਚ ਗੁਰੂਆਂ, ਸੰਤਾਂ, ਭਗਤਾਂ ਦੀ ਉਪਦੇਸ਼ ਰੂਪੀ ਬਾਣੀ ਸ਼ਾਮਲ ਹੈ ਅਤੇ ਟੇਪ ਰੀਕਾਡ ਭਾਸ਼ਨ, ਮਹਾਂਪੁਰਸ਼ਾਂ ਦੇ ।

[੫] ਪੰਜਵੀਂ ਸੰਗਤ ਮਹਾਂ ਪੁਰਸ਼ਾਂ, ਗੁਰੂਆਂ, ਅਵਤਾਰਾਂ, ਸਾਧੂ-ਸੰਤਾਂ ਦਾ ਪ੍ਰਤਖ ਦੇਹ ਦਾ ਦਰਸ਼ਨ, ਜੋ ਪਹਿਲੇ ਚਾਰ ਸਤਿਸੰਗਾਂ ਨਾਲੋਂ ਸਰੇਸ਼ਟ ਹੁੰਦੀ ਹੈ । ਮਹਾਤਮਾ ਦੀ ਇਕੋ ਨਿਗਾਹ, ਅਸੀਸ, ਬਚਨ ਪਿਛਲੇ ਜਨਮਾਂ ਦੇ ਪਾਪ ਕਰਮਾਂ ਨੂੰ ਕਟਕੇ ਪੁਰਸ਼ ਦਾ ਜੀਵਨ ਬਦਲ ਦਿੰਦੀ ਹੈ । ਮਗਰ ਇਸ ਮੌਕੇ ਨੂੰ ਸਭਾਲਨ ਦੀ ਸਮਝ ਪਹਿਲੇ ੪ ਸਤਸੰਗ ਕਰਨ ਤੋਂ ਆਉਂਦੀ ਹੈ । ਕਿਵੇਂ ਉਸ ਵਕਤ ਬਚਨ ਨੂੰ ਸਤਿ ਬਚਨ ਕਹਿ ਕੇ ਹੁਕਮ ਮੰਨਣਾ ਹੈ । ਨਹੀਂ ਤਾਂ ਦਵਾਈ ਜ਼ਮੀਨ ਉਤੇ ਡੋਲ੍ਹਣ ਵਾਂਗ ਬਿਰਥਾ ਵੀ ਜਾ ਸਕਦੀ ਹੈ । ਪਰਭ ਜੀ ਵਸੈ ਸਾਧ ਕੀ ਰਸਨਾਂ ।

[ਅ] ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲ ਹੋਇ ।
ਜਲ ਤੇ ਤ੍ਰਿਭਵਨ ਸਾਜਿਆ ਘਟਿ ਘਟਿ ਜੋਤ ਸਮੋਇ ।

ਕੁਦਰਤ ਦੀ ਕਾਇਨਾਤ — ਸ੍ਰਿਸਟੀ, ਬ੍ਰਹਿਮੰਡ ਦੀ ਰਚਨਾ ਵਿਚ ੨੫ ਤੱਤ ਹਨ । ਜਿਨ੍ਹਾਂ ਵਿਚੋਂ ਚਾਰ ਤੱਤ ਦਿਸਣ ਵਿਚ ਆਉਂਦੇ ਹਨ । ਧਰਤੀ, ਪਾਣੀ, ਹਵਾ, ਅੱਗ ਪੰਜਵਾਂ ਆਕਾਸ਼ ਦਾ ਤੱਤ (ਮਹਿਸੂਸ) ਦਿਸਣ ਵਿਚ ਪੁਲਾੜੀ [ਖਾਲੀ] ਨਜ਼ਰ ਆਉਂਦਾ ਹੈ । ਬਾਕੀ ਸਤਾਰਾਂ ਬਹੁਤ ਸੂਖਮ ਹਨ । ਅਨੁਭਵ ਹੁੰਦੇ ਦਿਸਣ ਵਿਚ ਨਹੀਂ ਆਉਂਦੇ । ਇਸ ਸ੍ਰਿਸ਼ਟੀ ਦੀ ਰਚਨਾ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਹੈ ।

[੧] ਜਮਾਦਾਤ—ਜੋ ਜਮਿਆਂ ਹੋਇਆ, ਇਕ ਥਾਂ ਹਿਲਜੁਲ ਨਹੀਂ ਸਕਦਾ । [ਪਥਰ-ਮਿੱਟੀ] ।

[੨] ਨਬਾਤਾਤ—ਬਨਾਸਪਤੀ, ਦਰਖ਼ਤ, ਅਨਾਜ, ਜੜੀ-ਬੂਟੀਆਂ, ਇਹ ਨਬਾਤਾਤ ਵਿਚ ਰਮੀਂ ਜੋ ਜੋਤ ਨਾਲ ਵਧਦੀ ਫੁਲਦੀ ਜ਼ਰੂਰ ਹੈ ਮਗਰ, ਹਾਇ-ਪੁਕਾਰ ਕਰਕੇ ਤੜਫਦੀ ਨਹੀਂ । ਸੋ ਬਨਾਸਪਤੀ ਨੂੰ ਖਾਣਾ ਪਾਪ ਅਤੇ ਸੰਤਾਪ ਨਹੀਂ ਹੈ ।



Namdhari Elibrary NamdhariElibrary@gmail.com

। ੧ਓ ਸਤਿਗੁਰੂ ਸ੍ਰੀ ਰਾਮ ਸਿੰਘ ਜੀ ਸਹਾਇ ।

[੩] ਹੈਵਾਨਾਤ—ਪੇਟ ਵਿਚੋਂ ਜਨਮ ਲੈਂਦੀ, ਸੁਵਾਸ ਲੈਂਦੀ, ਖਾਂਦੀ-ਪੀਂਦੀ ਬੋਲਦੀ ਚਲਦੀ ਤੜਫਦੀ, ਹਾਇ-ਪੁਕਾਰ ਕਰਦੀ ਹੈ। ਮਾਰਨ ਵਾਲੇ ਨੂੰ ਬਦ ਅਸੀਸ ਦਿੰਦੀ ਹੈ। ਇਸ ਦੇ ਮਾਰਨ ਦਾ ਪਾਪ ਕੁਦਰਤ ਦੇ ਇਨਸਾਫ ਅਨੁਸਾਰ, ਮਾਰਨ ਵਾਲਿਆਂ ਨੂੰ ਮਿਲਦਾ ਹੈ।

[੪] ਇਨਸਾਨਾਤ—ਸਾਰੀਆਂ ਜੂਨੀਆਂ ਵਿਚ ਸੁਧਰੀ ਹੋਈ ਜਾਤ, ਪੰਜਵਾਂ ਤੱਤ ਆਕਾਸ਼ ਦਾ ਦੂਸਰੀਆਂ ਤਿੰਨਾਂ ਨਾਲੋਂ ਵਧ ਇਸ ਵਿਚ ਹੈ। ਸੋਚ ਸ਼ਕਤੀ, ਪਹਿਲੀਆਂ ਤਿੰਨਾਂ ਹਿੱਸਿਆਂ ਦੀ ਰਚਨਾ ਨਾਲੋਂ ਜ਼ਿਆਦਾ ਇਸ ਵਿਚ ਹੈ। ਚਤਰ-ਬੁਧੀਵਾਨ, ਚੁਸਤ ਚਾਲਾਕ ਹੋਣ ਕਰਕੇ ਇਹ ਪਹਿਲੀ ਤਿੰਨ ਕਿਸਮ ਦੀ ਰਚਨਾ ਨੂੰ ਅਧੀਨ ਕਰ ਕੇ ਉਸ ਪਾਸੋਂ ਕੰਮ ਲੈਂਦਾ, ਸੁਖ ਲੈਂਦਾ ਹੈ, ਅਤੇ ਆਪਣੀ ਜਬਾਨ ਦੇ ਸੁਵਾਦ ਨੂੰ ਕੱਟ-ਵੱਢ ਕੇ ਖਾ ਜਾਂਦਾ ਹੈ।

ਸੋ ਧਰਤੀ ਮਾਤਾ ਵਿਚੋਂ ਉਤਪਤੀ ਇਹਨਾਂ ਚਾਰਾਂ ਕਿਸਮਾਂ ਦੀ ਰਚਨਾ ਦੀ ਹੋਈ। ਪਹਿਲਾਂ ਬਨਾਸਪਤੀ ਹੋਈ, ਬਨਾਸਪਤੀ ਨੂੰ ਖਾਣ ਵਾਸਤੇ, ਪਸ਼ੂ ਪੰਛੀ, ਅਨਸਾਨ ਹੋ ਗਏ। ਇਸੇ ਗਿਆਨ ਵਿਚਾਰ ਨੂੰ ਹੋਰ ਡੂੰਘੀ ਲੈ ਜਾਈਏ ਤਾਂ ਅਕਾਲ ਪੁਰਖ ਦੇ ਫੁਰਨੇ ਤੋਂ ਹਵਾ, ਕੁਵਾਉ, [ਵਾਉ] ਉਤਪੰਨ ਹੋਇਆ। ਹਵਾ ਤੋਂ ਪਾਣੀ, ਪਾਣੀ ਵਿਚੋਂ ਮਿੱਟੀ [ਧਰਤੀ], ਧਰਤੀ ਵਿਚੋਂ ਬਨਾਸਪਤੀ, ਬਨਾਸਪਤੀ ਵਿਚੋਂ ਸ਼ੁਧ ਫੁਰਨਾ ਹੋ ਕੇ ਪਸ਼ੂ-ਪੰਛੀ ਬਣੇ ਅਤੇ ਪਸ਼ੂ-ਪੰਛੀਆਂ ਵਿਚੋਂ ਫੁਰਨਾਂ ਸੁਧ ਹੋ ਕੇ ਇਨਸਾਨ ਬਣੇ ਗਏ।

ਸਤਿਸੰਗਤ ਕਰਕੇ ਫੁਰਨੇ [ਤਰੰਗ] ਨੂੰ ਹੋਰ ਸੁਧ ਕਰਕੇ ਦੇਵਤੇ ਬਣ ਗਏ। ਦੇਵਤਿਆਂ ਵਿਚੋਂ ਹੋਰ ਵੀ ਫੁਰਨੇ ਨੂੰ ਇਕ ਚਿੱਤ ਸ਼ਾਂਤ—ਇਕਾਗਰ ਕਰਕੇ, ਸੰਤ-ਭਗਤ-ਬ੍ਰਹਮਗਿਆਨੀ ਹੋ ਗਏ। ਇਸ ਦੀ ਜੂਨ ਦਾ ਨਾਮ ਮਾਨਸ—ਇਨਸਾਨ ਜਾਂ ਆਦਮੀ ਹੋਇਆ।
[੧] ਮਾਨਸ-ਜਿਸਦੇ ਵਿਚ ਮਨ ਹੈ [੨] ਅੰਨ ਦੇ ਅਧਾਰ ਤੇ ਸੁਵਾਸ ਲੈਣ ਵਾਲਾ [੩] ਆਦਮੀ, ਜਿਸਦਾ ਆਧਾਰ ਸਾਹ-ਸੁਵਾਸ ਉਪਰ ਹੈ :

ਕਈ ਜਨਮ ਭਏ ਕੀਟ ਪਤੰਗਾ, ਕਈ ਜਨਮ ਪੰਖੀ ਸਰਪ ਹੋਇਓ।
ਕਈ ਜਨਮ ਸੈਲ ਗਿਰ, [ਪਹਾੜ ਪਥਰ] ਕਰਿਆ।
ਕਰ ਉਪਾਇਆ। ਕਈ ਜਨਮ ਸਾਖ [ਦਰਖਤ] [ਸੁਖਮਨੀ ਸਾਹਿਬ ਪਾਤ: ੫]

ਸੋ ਗਿਆਨ ਦੀ ਪ੍ਰਾਪਤੀ ਇਸੇ ਜੂਨ ਵਿਚ ਹੁੰਦੀ ਹੈ, ਕਿਉਂਕਿ ਇਨਸਾਨ ਵਿਚ ਆਕਾਸ਼ ਦਾ ਜ਼ਿਆਦਾ ਤੱਤ ਹੈ। ਇਸ ਨਾਲ ਸੋਚ-ਸ਼ਕਤੀ, ਬੁਧੀ, ਤੱਤਾ-ਠੰਡਾ, ਪਾਪ-ਪੁੰਨ ਦੀ ਪਛਾਣ ਹੋ ਸਕਦੀ ਹੈ। ਪਾਪ-ਪੁੰਨ ਦੀ ਪਛਾਨ ਸਤਿਸੰਗ ਤੋਂ ਹੋਵੇਗੀ। ਸ਼ੁਧ ਆਹਾਰ ਤੇ ਸ਼ੁਧ ਵਿਹਾਰ ਵੀ ਹੋਵੇਗੀ। ਜਿਸ ਨਾਲ ਸ਼ੁਧ ਫੁਰਨਾ ਹੋ ਕੇ ਮਨ-ਆਤਮਾ ਦੇ ਸਰੂਪ ਵਿਚ ਬਦਲ ਜਾਵੇਗੀ। ਆਤਮਾ ਦਾ ਮੇਲੁ ਪਰਮਾਤਮਾ ਨਾਲ ਹੋਇਆ। ਇਸ ਪ੍ਰਕਰਣ ਵਿਚ ਸਿਰਫ ਸ਼ੁਧ ਆਹਾਰ ਦਾ ਵਿਚਾਰ ਕਰਨਾ ਹੈ।

[ਦ] ਇਹ ਮਨ ਸ਼ਕਤੀ ਇਹ ਮਨ ਲੀਉ।
ਇਹ ਮਨ ਪੰਜ ਤਤ ਕੋ ਜੀਉ। [ਕਬੀਰ ਜੀ]

। ੧ਓ ਸਤਿਗੁਰੂ ਸ੍ਰੀ ਰਾਮ ਸਿੰਘ ਜੀ ਸਹਾਇ ।

ਮਨ ਇਕ ਫੁਰਨਿਆਂ—ਸੰਕਲਪ-ਵਿਕਲਪ ਦਾ ਢੇਰ ਹੈ ।

ਇਸ ਪੰਜ ਤੱਤ ਦੇ ਸਰੀਰ ਵਿਚ ਆਤਮਾ ੧੧ ਤੱਤਾਂ ਦਾ ਸੂਖਮ ਸਰੂਪ ਵਿਚ ਵਸਦਾ ਹੈ । ਜਿਵੇਂ ਫੁਲ ਵਿਚ ਵਾਸ਼ਨਾ, ਗੁਰੂ-ਬਾਣੀ ਦੁਆਰਾ ਪਾਤ: ੯ ਦਾ ਹੁਕਮ, [ਪਹੁਪ ਮਾਹਿ ਜੈਸੇ ਬਾਸ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ, ਤੈਸੇ ਹੀ ਹਰਿ ਵਸੈ ਨਿਰੰਤਰ ਘਟ ਹੀ ਖੋਜੋ ਭਾਈ] । ਪਹੁੱਪ [ਫੁਲ] ਵਿਚ ਬਾਸ [ਵਾਸਨਾ] ਸੁਗੰਧੀ ਵਸਦੀ ਹੈ ਅਤੇ ਮੁਕਰ [ਸ਼ੀਸ਼ੇ] ਵਿਚ ਆਪਣੀ ਹੀ ਛਾਈ [ਸਰੂਪ] ਦਿਸਦਾ ਹੈ । ਮਗਰ ਇਸ ਆਤਮਾ ਉਪਰ ਕੁਸੰਗਤ, ਤਮੋਗੁਣੀ [ਤੱਲਖ] ਆਹਾਰ ਅਤੇ ਭੈੜੇ ਵਿਹਾਰ ਨਾਲ ਸਿਆਹੀ ਜੰਮ ਕੇ ਕਾਲਾ ਗੰਦਾ ਹੋ ਗਿਆ । ਗੁਰੂ ਬਾਣੀ ਵਾਕ ਜਨਮ ਜਨਮ ਕੀ [ਇਸ ਮਨ ਕਉ ਮਲੁ ਲਾਗੀ ਕਾਲਾ ਹੋਇਆ ਸਿਆਹੁ-ਖੰਨਲੀ ਧੋਤੀ ਉਜਲ ਨਾ ਹੋਵਈ ਜੇ ਸਉ ਧੋਵਨ ਪਾਹਿ] । ਜਿਵੇਂ ਸੁਗੰਧੀ ਵਾਲੇ ਫੁਲ ਉਪਰ ਕੋਈ ਗੰਦੀ ਚੀਜ਼ ਸਿਟ ਦੇਈਏ ਤਾਂ ਉਸਦੀ ਵਾਸ਼ਨਾਂ, ਦੁਰਗੰਧੀ ਬਦਬੋ ਵਿਚ ਤਬਦੀਲ ਹੋ ਜਾਵੇਗੀ ।

ਸੋ ਜਗਿਆਸੂ ਨੂੰ ਭਗਤੀ ਮਾਰਗ, ਧਰਮ ਦੇ ਮਾਰਗ ਜਾਂ ਦੇਸ਼ ਭਗਤ ਹੋਣ ਤੋਂ ਪਹਿਲਾਂ ਮਨ ਦਾ ਨਿਰਮਲ ਸਾਫ਼ [ਮਲ ਤੋਂ ਰਹਿਤ] ਹੋਣਾ ਅਤਿ ਜ਼ਰੂਰੀ ਹੈ ਅਤੇ ਮਨ ਨੂੰ ਨਿਰਮਲ ਕਰਨ ਵਾਸਤੇ ਸ਼ੁਧ ਆਹਾਰ-ਵਿਵਹਾਰ ਅਤੇ ਸਤਿਸੰਗਤ ਦੀ ਲੋੜ ਜ਼ਰੂਰੀ ਹੈ । ਗੁਰੂ ਕੀ ਬਾਣੀ ਗਵਾਹ ਹੈ ਕਿ [ਮਨ ਨਿਰਮਲ ਨਹੀਂ ਦਸਵਾਂ ਦੁਆਰੁ, ਭਰਮੁ ਭਰਮੁ ਆਵੈ ਮੂੜਾ ਬਾਰੌ ਬਾਰੁ] । ਭਾਵ ਮਨ ਨਿਰਮਲ ਹੋਇ ਬਗੈਰ ਸੁਰਤੀ ਉਪਰਲੀ ਮੰਜ਼ਲ ਵਿਚ ਪਹੁੰਚ ਕੇ ਵੀ ਆਤਮਾ ਦੀ ਮਾਇਆ ਵਿਚ ਫਸਿਆ ਰਹਿ ਜਾਇਗੀ ।

ਕਈ ਵੀਰਾਂ ਦੇ ਵਿਚਾਰ ਹਨ ਕਿ ਮਨ ਸ਼ੁਧ ਚਾਹੀਦਾ ਹੈ, ਖਾਣ ਪੀਣ ਦੀ ਕਿਹੜੀ ਗਲ ਹੈ । ਆਤਮਾ ਦਾ ਸਬੰਧ ਪ੍ਰਮਾਤਮਾ ਨਾਲ ਹੈ ?

ਵਿਚਾਰ—ਜੇ ਕੋਈ ਮਨ ਨੂੰ ਚੰਚਲ ਕਰਨ ਵਾਲੀ ਫੋਟੋ ਅੱਖਾਂ ਦੇ ਦੇਖਣ ਨਾਲ ਉਸ ਦਾ ਅਕਸ਼ ਅੱਖਾਂ ਦੇ ਪਰਦੇ ਉਪਰੋਂ ਹੋ ਕੇ ਮਨ ਤਕ ਪਹੁੰਚ ਜਾਂਦਾ ਹੈ—ਬੜੀ ਦੇਰ ਤਕ ਅਸਰ ਰਹਿੰਦਾ ਹੈ ਤੇ ਕੰਨਾਂ ਦੇ ਸੁਨਣ ਤੋਂ ਵੀ ਅੰਦਰ ਅਸਰ ਕਰਦਾ ਹੈ ਤੇ ਜੋ ਚੀਜ਼ ਖਾ ਕੇ ਮੇਦੇ ਵਿਚੋਂ ਹਜ਼ਮ ਹੋ ਕੇ ਸਰੀਰ ਦਾ ਹਿੱਸਾ ਬਣਦੀ ਹੈ, ਉਹ ਇਸ ਦੇ ਸੁਭਾ ਤੇ ਅਸਰ ਕਿਵੇਂ ਨਹੀਂ ਕਰੇਗੀ ।

ਜਿਸ ਜੀਵ ਦਾ ਮਾਸ ਅੰਦਰ ਜਾਵੇਗਾ, ਉਸ ਦੇ ਸੁਭਾ ਦਾ ਅਸਰ ਵੀ ਖਾਣ ਵਾਲੇ ਦੇ ਮਨ ਤੇ ਜ਼ਰੂਰ ਕਰੇਗਾ । ਕਈ ਧਾਰਮਕ ਮਿਸ਼ਨਾਂ ਵਿਚ ਮਾਸ-ਸ਼ਰਾਬ ਖਾਣ ਦੀ ਮਨਾਹੀ ਨਹੀਂ । ਗੁਰੂ ਅਰਜਨ ਦੇਵ ਜੀ ਤਾਂ ਕਹਿੰਦੇ ਹਨ ਕਿ [ਮਨ ਖੁਟਹਰ ਤੇਰਾ ਨਹੀਂ ਵਿਸਵਾਸ਼ ਤੂੰ ਮਹਾਂ ਉਦਮਾਦਾ (ਉਤਾਵਲਾ) ਦੌੜਨ-ਭਜਣ ਵਾਲਾ [ਚੰਚਲ] **ਖੁਰ** [ਖੋਤਾ] **ਕਾ ਪੈਖਰ** [ਰਸਾ] ਪੈਰਾਂ ਨੂੰ ਪਾਇਆ ਹੋਇਆ [**ਤਉ ਛੁਟੇ ਜਉ ਉਪਰ ਲਾਦਾ**] । ਪੈਰਾਂ ਦਾ ਰਸਾ ਓਦੋਂ ਖੋਲਦੇ ਹਨ ਜਦੋਂ ਉਪਰ ਭਾਰ ਲੱਦ ਲੈਂਦੇ ਹਨ । ਭਗਤ ਕਬੀਰ ਜੀ ਕਹਿੰਦੇ ਹਨ—

ਕੂਟਨ ਸੋਈ ਜੁ ਮਨ ਕੋ ਕੂਟੈ । ਮਨ ਕੂਟੈ ਤਉ ਜਮ ਤੇ ਛੂਟੈ ।<br>
ਕੁੱਟ ਕੁੱਟ ਮਨ ਕਸਵੱਟੀ ਲਾਵੈ । ਤਉ ਇਸ ਮਨ ਕੀ ਸੋਝੀ ਪਾਵੈ ।<br>
ਇਹ ਮਨ ਲੇ ਜਉ ਉਨਮਨ ਰਹੈ । ਤਉ ਤੀਨ ਲੋਕ ਕੀ ਬਾ ਤੇਂ ਕਹੈ ।

# ਅੰਨ ਤੋਂ ਮਨ

## ਅਹਾਰ [ਭੋਜਨ] ਤੋਂ ਸੁਰਤੀ-ਬਿਰਤੀ, ਫੁਰਨਾ-ਮਨ

ਖੁਰਾਕ ਵਿਚ ਤਿੰਨ ਕਿਸਮ ਦੇ ਸੁਭਾ (ਗੁਣ) ਗੁਪਤ ਰੂਪ ਵਿਚ ਰਜੋ, ਤਮੋ, ਸਤੋ।

[੧] ਰਜੋ—ਰਾਜਸੀ, ਰਾਜਨੀਤੀ, ਵਿਚਾਰ—ਸੋਚ ਵਾਲਾ, ਮਰਯਾਦਾ ਧਰਮ ਦੇ ਅਸੂਲ।

[੨] ਤਮੋ—ਤਾਮਸੀ, ਤਲਖ, ਕਰੋਧੀ, ਤੇਜ਼ਾਬੀ, ਚੰਚਲ, ਸ਼ੈਤਾਨੀ—ਸ਼ਰਾਰਤੀ ਤ੍ਰਿਸ਼ਨਾ।

[੩] ਸਤੋ—ਸਾਤਕੀ, ਸ਼ਾਂਤੀ, ਠੰਡਾ, ਇਕਾਗਰ, ਸੰਕਲਪ ਵਾਲਾ, ਸ਼ੁਭ ਇਛਾ ਵਾਲਾ ਸਤ ਸੰਤੋਖ, ਦਇਆ, ਧੀਰਜ, ਵੈਰਾਗ ਵਾਲਾ ਸੁਭਾ ਹੋ ਜਾਵੇ। ਫਿਰ ਵੈਰਾਗੋ ਤੇ ਸਹਿਜ ਉਪਜੈ—ਸਹਿਜ ਅਵਸਥਾ ਵਿਚ ਆਪਣੇ ਸਤਿਗੁਰੂ ਨਾਲ ਪਿਆਰ, ਜਿਸ ਤੋਂ ਜੀਵਨ ਮੁਕਤੀ ਮਿਲੇਗੀ।

ਮਾਸ, ਸ਼ਰਾਬ, ਤਮਾਖੂ, ਚਾਹ, ਚਰਸ, ਅਫੀਮ ਅਤੇ ਤੇਜ ਮਿਰਚ ਮਸਾਲੇ ਵਿਚ ਤਾਮਸੀ ਸੁਭਾ ਅਤਿ ਕਰਕੇ [ਤੇਜ਼ਾਬੀ ਮਾਦਾ] ੮੦ ਤੋਂ ੯੦ ਪ੍ਰਤੀਸ਼ਤ ਸਦੀ ਹੈ।

ਤਾਮਸੀ ਭੋਜਨ ਪੇਟ ਵਿਚ ਗਿਆ, ਉਸ ਦੇ ਉਪਰ ਸਵਾਸਾਂ ਰਾਹੀਂ ਹਵਾ ਅਤੇ ਅਕਾਸ਼ ਦਾ ਤੱਤ ਮਿਲ ਕੇ ਪਿਆ। ਉਹ ਹਵਾ ਭਾਵੇਂ ਕਿੰਨੀ ਵੀ ਸਵੱਛ ਹੋਵੇ ਅੰਦਰਲੀ ਖੁਰਾਕ ਨਾਲ ਸਪਰਸ਼ ਹੋ ਕੇ ਉਸੇ ਸੁਭਾ ਤੇ ਹੋ ਜਾਵੇਗੀ ਜਿਸ ਵਿਚੋਂ ਤਾਮਸੀ ਖੁਰਾਕ ਨਾਲ ਤਾਮਸੀ ਗੈਸ ਪੈਦਾ ਹੋ ਜਾਵੇਗੀ। ਦਿਲ ਤੇ ਦਿਮਾਗ ਪਰ ਬਹੁਤ ਜਲਦੀ ਅਸਰ ਕਰੇਗੀ। ਇਸੇ ਦਾ ਨਾਮ [ਅਮਲ ਹੋ ਗਿਆ] ਕਹਿੰਦੇ ਹਨ। ਇਸੇ ਤੋਂ ਪੌਣ-ਪਵਨ ਫੁਰਨਾਂ ਪੈਦਾ ਹੋਇਆ। ਜਿਵੇਂ ਫੁਲ ਉਪਰ ਗੰਦੀ ਚੀਜ਼ ਸਿਟਣ ਨਾਲ ਉਸ ਦੀ ਵਾਸਨਾ—ਸੁਗੰਧੀ ਤੋਂ ਦੁਰਗੰਧੀ ਹੋ ਜਾਵੇਗੀ ਖੁਸ਼ਬੋ ਤੋਂ ਬਦਬੋ ਹੋ ਜਾਵੇਗੀ ਅਤੇ ਫੁਰਨਾ ਵੀ ਬਦਬੋ ਵਾਲਾ ਹੋ ਜਾਵੇਗਾ।

ਸੋ ਇਸ ਫੁਰਨੇ ਤੋਂ ਸੁਰਤੀ-ਬਿਰਤੀ, ਬੁਧੀ, ਸੋਚ, ਚਿਤਵਨੀ, ਮਤ, ਅਹੰਕਾਰ ਬਣਿਆ ਇਨ੍ਹਾਂ ਸਾਰੀਆਂ ਨੂੰ ਇਕਠੇ ਹੋ ਕੇ ਮਨ-ਪਵਨਾ ਪੌਣ [ਗੁਰੂ] ਬਣ ਗਿਆ।

**ਧਿਆਨ**—ਇਸੇ ਫੁਰਨੇ ਤੋਂ ਜਦੋਂ ਤੁਸੀਂ ਧਿਆਨ ਟਿਕਾਓਗੇ ਤਾਂ ਇਹ ਫੁਰਨਾ ਧਿਆਨ ਵਿਚ ਮਿਲਕੇ ਜਿਸ ਇੰਦਰੀ ਵਿਚ ਧਿਆਨ ਜਾਵੇਗਾ ਤਮੋ ਗੁਣੀ ਖੁਰਾਕ ਦਾ ਤਮੋ ਗੁਣੀ ਫੁਰਨਾ ਨਾਲ ਹੀ ਜਾ ਦਾਖਲ ਹੋ ਜਾਵੇਗਾ। ਜੇਕਰ ਦਸਵੇਂ ਦੁਆਰ ਵੀ ਗਿਆ ਤਾਂ ਗੁਰੂ ਜੀ ਬਾਣੀ ਨੇ ਨਿਰਨਾ ਕਰ ਕੇ ਦਸ ਦਿੱਤਾ ਹੈ ਕਿ [ਮਨ ;ਨਿਰਮਲ ਨਹੀਂ ਦਸਵਾਂ ਦੁਆਰ। ਭਰਮ ਭਰਮ ਆਵੈ ਮੂੜਾ ਬਾਰੋ ਬਾਰ]

ਜੋ ਨਾਮ ਸਿਮਰਨ, ਅਖੰਡ ਪਾਠ ਵਰਨੀ, ਹਵਨ ਦੇ ਵਕਤ ਸੁਗੰਧੀ ਵਾਲੀਆਂ ਚੀਜਾਂ—ਧੂਪ-ਦੀਪ, ਜਲ-ਫੂਲ ਆਦਿਕ ਰਖਣ ਦਾ ਇਹੋ ਮਤਲਬ ਹੈ ਅਤੇ ਸੋਧ ਵਿਚ ਅਲਪ ਅਹਾਰ

ਅਤੇ ਜਹਾਂ ਤਹਾਂ ਕਾ ਪ੍ਰਸਾਦ ਛੱਕਣਾ ਵੀ ਫੁਰਨੇ ਨੂੰ ਤਾਮਸੀ ਦੁਰਗੰਧੀ ਵਾਲਾ ਬਣਾ ਦੇਵੇਗਾ। ਭੋਜਨ ਤੋਂ ਬਣਿਆਂ ਫੁਰਨਾ ਹੀ ਜੂਨੀਆਂ ਵਿਚ ਲੈ ਜਾਂਦਾ ਹੈ। ਭਗਤ ਤ੍ਰਿਲੋਚਨ ਜੀ ਦਸਦੇ ਹਨ। ਰੁਬਾਈ ਗੋਬਿੰਦ ਨਾਮ ਮਤ ਵੀਸਰੈ। ਅੰਤਕਾਲ ਜੋ ਲਛਮੀ ਸਿਮਰੈ। ਐਸੀਚਿੰਤਾ ਮੈਜੋਮਰੈ ਸਰਪਜੋਨ ਵਲ ਵਲ ਅਉਤਰੈ। ਅੰਤਕਾਲ ਜੋ ਮੰਦਰ ਸਿਮਰੈ ਐਸੀ ਚਿੰਤਾਮਹਿ ਜੋ ਮਰੈਪ੍ਰੇਤ ਜੋਨ ਵਲ ਵਲ ਅਉਤਰੈ, ਅੰਤਕਾਲ ਜੋ ਇਸਤ੍ਰੀ ਸਿਮਰੈ। ਵੇਸਵਾ ਜੋਨ ਵੱਲ ਵੱਲ ਅਉਤਰੈ, ਅੰਤਕਾਲ ਜੋ ਲੜਕੇ ਸਿਮਰੈ। ਸੂਕਰ [ਬਲਦ-ਪਸ਼ੂ] ਜੋਨ ਬਲ ਬਲ ਅਉਤਰੈ, ਅੰਤਕਾਲ ਨਾਰਾਇਣ ਸਿਮਰੈ। ਐਸੀ ਚਿੰਤਾ ਮਹਿ ਜੋ ਮਰੈ। ਭੱਦਤ ਤਰਲੋਚਨ ਤੇ ਨਰ ਮੁਕਤਾ ਪੀਤਾਬੰਰ ਵਾਕੇ ਰਿਦੈ ਵਸੈ। ਸੋ ਜੋ ਭੋਜਨ ਤੋਂ ਪਹਿਲਾਂ ਫੁਰਨਾ ਬਣ ਚੁਕਾ ਅਤੇ ਫੁਰਨੇ ਤੋਂ ਸੁਭਾ ਪਰਪੱਕ ਹੋ ਚੁਕਾ ਅੰਤ ਕਾਲ ਉਹੋ ਹੀ ਸਿਮਰੇਗਾ।

———

# ਮਾਸ ਖਾਣਾ ਧਰਮ ਵਿਰੁਧ

## (ਧੌਲੁ ਧਰਮ ਦਇਆ ਕਾ ਪੂਤੁ)

ਸ੍ਰੀ ਜਪੁਜੀ ਸਾਹਿਬ ਪਾਤ: ੧–[੧੯ਵੀਂ ਪਉੜੀ]।

(ੳ) ਅਸੰਖ ਮੂਰਖ ਅੰਧ ਘੋਰੁ—

ਅਸੰਖ ਚੋਰ ਹਰਾਮ ਖੋਰੁ । ਅਸੰਖ ਅਮਰ ਕਰ ਜਾਹਿ ਜੋਰੁ ।
ਅਸੰਖ ਗਲ ਵੱਢ ਹਤਿਆ ਕਮਾਹਿ । ਅਸੰਖ ਪਾਪੀ ਪਾਪੁ ਕਰਿ ਜਾਹਿ ।
ਅਸੰਖ ਕੂੜਿਆਰ ਕੂੜੇ ਫਿਰਾਹਿ । ਅਸੰਖ ਮਲੇਸ ਮਲੁ ਭਖਿ ਖਾਹਿ ।
ਅਸੰਖ ਨਿੰਦਕ ਸਿਰਿ ਕਰਹਿ ਭਾਰੁ ।
[ਜੇਤੇ ਰਸੁ ਸਰੀਰ ਕੇ ਤੇਤੇ ਲਗਹ ਦੁਖੁ]

(ਅ) ਕਬੀਰ ਖੂਬੁ ਖਾਣਾ ਖੀਚਰੀ ਜਾਮਹਿ ਅੰਮ੍ਰਿਤ ਲੋਨ ।
ਅਹੇਰਾ ਰੋਟੀ ਕਾਰਨੇ ਗਲਾ ਕਟਾਵੇ ਕੌਣ ।

**ਭਾਵ :** ਕਬੀਰ ਜੀ ਕਹਿੰਦੇ ਹਨ ਕਿ ਭਾਈ ਖਿਚੜੀ ਆਦਿਕ ਵੈਸ਼ਨੂ ਭੋਜਨ–ਸ਼ਾਂਰਕੀ ਖਾਣ–Vegetarian Food–ਖਾਉ ਜੋ ਅੰਮ੍ਰਿਤ ਰੂਪ ਹਨ । ਸ਼ਿਕਾਰ ਦੀ–ਮਾਸ ਦੀ ਬਣੀ ਰੋਟੀ ਖਾ ਕੇ ਇਕ ਦਿਨ ਆਪਣਾ ਗਲਾ ਵੀ ਕਟਾਉਣਾ ਪਏਗਾ ਭਾਵ ਲੇਖਾ ਦੇਣਾ ਪਏਗਾ ।

ਅਹੇਰਾ — ਰੋਟੀ ; ਜੀਵ ਹਤਿਆ ਕਰਕੇ ਬਣਾਈ ਰੋਟੀ ; ਮਲੇਸ਼ੀ ਰਾਕਸ਼ਾਂ ਦਾ ਖਾਣਾ ; ਝਟਕਾ ; ਕੁਠਾ ; ਹਲਾਲ—ਸਾਰੇ ਹੀ ਜੀਵ-ਹਤਿਆ ਹਨ ।

(ੲ) ਹਰ ਜੀਵ ਦੀ ਜੂਨ ਨੂੰ ਉਸ ਦੀ ਖੁਰਾਕ ਦੇ ਮੁਤਾਬਕ ਦੰਦ ਹਨ । ਆਦਮੀ ਦੇ ਦੰਦ, ਗਊ, ਭੈਂਸ, ਬਕਰੀ, ਊਠ, ਘੋੜਾ ਆਦਿਕ ਦੇ ਦੰਦ ਚਪਟੇ ਹਨ । ਅੰਨ ਤੇ ਸਬਜ਼ੀ, ਦੁੱਧ-ਘਿਉ —ਇਸ ਦੀ ਖੁਰਾਕ ਹੈ । ਬਾਕੀ ਜੂਨਾਂ ਦੀ ਖੁਰਾਕ ਘਾਹ-ਫੂਸ ਹੈ । ਜਿਨ੍ਹਾਂ ਵਿਚੋਂ ਕਈ ਆਪਣੀ ਖੁਰਾਕ ਨੂੰ ਮੁੜ ਕੇ ਬਾਹਰ ਕੱਢ ਕੇ ਉਗਾਲੀ ਕਰਦੇ, ਮੁੜ ਅੰਦਰ ਕਰਦੇ ਹਨ ਜਿਨ੍ਹਾਂ ਜਾਨਵਰਾਂ ਦਾ ਕੁਦਰਤ ਜਾਂ ਪੂਰਬਲੇ ਕਰਮਾਂ ਅਨੁਸਾਰ ਮਿਲਿਆ ਜਨਮ ਮਾਸਖੋਰਾ ਜੂਨੀਆਂ ਵਿਚ ਹੁੰਦਾ ਹੈ ਉਹਨਾਂ ਦੇ ਦੰਦ ਤਿੱਖੇ, ਵਿਰਲੇ ਅਤੇ ਚੁੰਝਾਂ ਤਿੱਖੀਆਂ ਹੁੰਦੀਆਂ ਹਨ ਤਾਕਿ ਹੱਡੀਆਂ ਵਿਚੋਂ ਮਾਸ ਕੱਢ ਸਕਣ । ਆਦਮੀ ਦੇ ਦੰਦਾਂ ਵਿਚ ਮਾਸ ਖਾਣ ਨਾਲ ਨੁਕਸ ਪੈਂਦੇ ਹਨ ।



Namdhari Elibrary NamdhariElibrary@gmail.com

(ਸ) ਪਸ਼ੂ-ਪੰਛੀ-ਮੱਛੀ (ਹੈਵਾਨਾਤ) ਜੀਵ ਪੇਟ ਵਿਚੋਂ ਪੈਦਾ ਹੁੰਦੇ ਹਨ ਅਤੇ ਪੇਸ਼ਾਬੀ ਤੇਜ਼ਾਬੀ ਹੁੰਦੇ ਹਨ। ਪੇਟ ਵਿਚ ਪੇਸ਼ਾਬ ਵਿਚ ਹੀ ਪਲਦੇ ਹਨ। ਇਨ੍ਹਾਂ ਨੂੰ ਪਸੀਨਾ ਨਹੀਂ ਆਉਂਦਾ। ਗਰਮੀ ਵਿਚ ਹਾਂਪਣਗੇ। ਪਾਣੀ ਚੋਕ ਲਾ ਕੇ ਪੀਣ ਦੀ ਬਜਾਇ ਜ਼ਬਾਨ ਨੂੰ ਬਾਹਰ ਕੱਢ ਕੇ ਲਪਕ ਕੇ ਪੀਣਗੇ।

ਸੋ ਖਾਣ ਵਾਲੇ ਦਾ ਸੁਭਾ ਵੀ ਤਲਖ, ਬੇ-ਰਹਿਮ ਹੋਵੇਗਾ। ਇਨਸਾਨਾਤ ਵੀ ਤੇਜ਼ਾਬੀ ਹਨ ਪਰ ਦੰਦ ਚਪਟੇ ਹੋਣ ਕਰਕੇ ਚੋਕ ਲਾ ਕੇ ਪਾਣੀ ਪੀ ਸਕਦਾ ਹੈ। ਸਾਡੀ ਖ਼ੁਰਾਕ ਗੁਰ-ਬਾਣੀ ਆਸ਼ੇ ਅਨੁਸਾਰ ਕੁਦਰਤ ਨੇ 'ਖਾਣਾ-ਪੀਣਾ ਪਵਿੱਤਰ ਹੈ' ਦਸਿਆ ਪਰ ਰਿਜ਼ਕ-ਜਿਸ ਵਿਚ ਸਾਰੇ ਕਿਸਮ ਦੇ ਅਨਾਜ+ਦਾਲ+ਸਬਜ਼ੀ-ਸਾਗ ਅਤੇ ਘਾਸ ਆਦਿਕ ਆ ਜਾਂਦੇ ਹਨ। 'ਦਿਤੋਨ ਰਿਜ਼ਕ ਸਬਾਹਿ'। ਮਾਸ ਖਾਣ ਵਾਲੇ ਵੀਰ ਗੁਰ-ਬਾਣੀ ਦੇ ਆਸ਼ੇ ਦਾ ਵੀ ਉਲਟਾ ਭਾਵ ਕਰਨ ਦੀ ਕੋਸ਼ਿਸ਼ ਕਰਦੇ ਹਨ ਜਿਵੇਂ—

ਜੇਤੇ ਦਾਣੇ ਅੰਨ ਕੇ ਜੀਆਂ ਬਾਝ ਨਾ ਕੋਇ।

[ਆਸਾ ਮ: ੧ ਪਰਿ: ੧੯]

**ਵਿਚਾਰ :** ਇਹ ਦਾਣੇ ਸਾਰੇ ਅਨਾਜ ਆਬੋ-ਪਾਣੀ ਵਿਚ ਪਲਦੇ ਹਨ।

ਜੇਕਰ ਸੂਤਕ ਮੰਨੀਐ ਸਭ ਤੈ ਸੂਤਕ ਹੋਇ।
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ।
ਜੇਤੇ ਦਾਣੇ ਅੰਨ ਕੇ ਜੀਆਂ ਬ ਝ ਨਾ ਕੋਇ।
ਪਹਲਾਂ ਪਾਣੀ ਜੀਓ ਹੈ ਜਿਤੁ ਹਰਿਆ ਸਭ ਕੋਇ।
ਸੂਤਕ ਕਿਉਂਕਰ ਰਖੀਐ ਸੂਤਕ ਪਵੈ ਰਸੋਇ।
ਨਾਨਕ ਸੂਤਕ ਏਵਨਾ ਉਤਰੈ ਗਿਆਨ ਉਤਾਰੈ ਧੋਇ। ੧।

ਗੁਰੂ ਨਾਨਕ ਜੀ ਦੀ ਬਾਣੀ ੭੫ ਫ਼ੀਸਦੀ ਪਾਤਸ਼ਾਹ ਉਨ੍ਹਾਂ ਨੂੰ ਉਪਦੇਸ਼ ਕਰਦੇ ਹਨ ਕਿ ਤੁਸੀਂ ਇਕ ਸੂਤਕ ਤੋਂ ਪਰਹੇਜ਼ ਕਰਦੇ ਹੋ। ਗੋਹੇ ਦਾ ਪੋਚਾ ਫੇਰਨ ਨਾਲ ਹਜ਼ਾਰਾਂ ਜੀਵ ਮਰਦੇ ਹਨ।

ਜੇਤੇ ਦਾਣੇ ਅੰਨ ਕੇ (ਜੀਆ) ਬਾਝ ਨ ਕੋਇ।
ਪਹਿਲਾ ਪਾਣੀ (ਜੀਉ) ਹੈ ਜਿਤੁ ਹਰਿਆ ਸਭੁ ਕੋਇ।

ਅੰਨ ਪਾਣੀ ਦੇ ਆਧਾਰ ਤੇ ਪਲਦਾ ਹੈ—

ਇਥੇ ਕਈ ਵੀਰਾਂ-ਮਾਸ ਖਾਣ ਵਾਲਿਆਂ ਦਾ ਵਿਚਾਰ ਹੈ ਕਿ ਅੰਨ [ਅਨਾਜ] ਦੇ ਦਾਣੇ ਵੀ ਜੀਵ ਹੋਏ ਤੇ ਅੰਨ ਖਾਣ ਵਿਚ ਵੀ ਉਨਾ ਹੀ ਪਾਪ ਹੈ ਜਿੰਨਾਂ ਕਿ ਜੀਵ ਵੱਢ ਕੇ ਖਾਣ ਦਾ ਹੈ। ਪਰ ਇਸ ਵਿਚ ਫ਼ਰਕ ਹੈ। ਬਨਾਸਪਤੀ ਵਿਚ ਤਿੰਨ ਤੱਤ ਹੁੰਦੇ ਹਨ—ਮਿੱਟੀ, ਪਾਣੀ ਅਤੇ ਅਗਨੀ। ਹਵਾ ਦਾ ਤੱਤ ਬਹੁਤ ਥੋੜ੍ਹਾ ਅਨਾਜ ਦੇ ਵਿਚ ਨਾਮ ਮਾਤਰ ਹੀ ਹੁੰਦਾ ਹੈ। ਆਕਾਸ਼ ਦਾ ਤੱਤ ਬਿਲਕੁਲ ਨਹੀਂ ਹੁੰਦਾ। ਸਬਜ਼ੀ ਵਿਚ ਕੁਝ ਹਵਾ ਦਾ ਤੱਤ ਸੁਕੇ ਦਾਣੇ ਅਨਾਜ ਨਾਲੋਂ ਜ਼ਿਆਦਾ ਪਰ ਮਿੱਟੀ ਅਤੇ ਪਾਣੀ ਦਾ ਹੀ [ਦਾਣੇ ਪਾਣੀ ਨਾਲ



Namdhari Elibrary NamdhariElibrary@gmail.com

ਪਲਦੇ ਹਨ] ਹੁੰਦਾ ਹੈ । ਇਸ ਵਾਸਤੇ ਉਨ੍ਹਾਂ ਵਿਚ ਕੱਟਣ, ਵੱਢਣ, ਪੀਸਣ, ਰਿੰਨ੍ਹਣ ਅਤੇ ਭੁੰਨਣ ਵੇਲੇ 'ਹਾਇ...ਮੈਂ...ਭੈਂ' ਜਾਂ ਤੜਫਨ ਦੀ ਆਵਾਜ਼ ਨਹੀਂ ਆਉਂਦੀ । ਬਨਾਸਪਤੀ ਸਵਾਸ ਨਹੀਂ ਲੈਂਦੀ । ਉਹ ਦੁਖ ਤੇ ਸੁਖ-ਅਸੀਸ ਅਤੇ ਬਦ-ਅਸੀਸ ਨਹੀਂ ਦਿੰਦੀ ।

**ਸਹੀ ਅਰਥ :** ਨੋਟ—ਦਾਣਾ-ਅੰਨ, ਪਾਣੀ ਨਾਲ ਹਰਿਆ ਰਹਿੰਦਾ ਤੇ ਪਲਦਾ ਹੈ । [ਜੀਉ ਅਤੇ ਜੀਵ ਦੇ ਅਰਥ ਵਿਚ ਫਰਕ ਹੈ] ਇਸੇ ਤਰ੍ਹਾਂ ਬਸੰਤ ਮ: ੫ ਪੰਨਾ ੧੧੯੦— ਗੁਰੂ ਅਰਜਨ ਦੇਵ ਜੀ ਸ਼ੇਰ ਦੀ ਖੁਰਾਕ ਦੀ ਮਿਸਾਲ ਦਿੰਦੇ ਫ਼ਰਮਾਉਂਦੇ ਹਨ ਕਿ—

ਸਿੰਘ ਰੁਚੈ ਸਦ ਸਦ ਭੋਜਨ ਮਾਸ । ਰਣ ਦੇਖਿ ਸੂਰੇ ਚਿਤ ਉਲਾਸੁ ।
ਕਿਰਪਨ ਕਉ ਅਤਿ ਧਨ ਪਿਆਰ । ਹਰ ਜਨ ਕਉ ਹਰਿ ਹਰਿ ਆਧਾਰ ।

**ਭਾਵ :** ਜਿਵੇਂ ਸ਼ੇਰ ਸਦਾ ਮਾਸ ਦਾ ਭੋਜਨ [ਖੁਰਾਕ] ਖਾ ਕੇ ਪੇਟ ਭਰਦਾ ਹੈ । ਸੂਰਮਾ ਧਰਮ ਯੁਧ [ਲੜਾਈ] ਦਾ ਮੈਦਾਨ ਦੇਖ ਕੇ ਖੁਸ਼ ਹੁੰਦਾ ਹੈ । ਕੰਜੂਸ ਮਾਯਾਧਾਰੀ ਨੂੰ ਧੰਨ ਪਿਆਰਾ ਹੈ । ਹਰੀ ਦੇ ਪਿਆਰੇ ਭਗਤਾਂ ਨੂੰ ਹਰੀ ਨਾਮ ਦਾ ਆਸਰਾ ਹੈ । ਉਹ ਹਰੀ ਨਾਮ ਦੀ ਆਤਮਕ ਖੁਰਾਕ ਖਾਂਦੇ ਹਨ । ਜਿਹੜਾ ਸਿੰਘ [ਸ਼ੇਰ] ਜਾਨਵਰ, ਹੈਵਾਨ ਉਸ ਦੀ ਖੁਰਾਕ ਮਾਸ ਹੈ ਪਰ ਸਿੰਘ [ਸਿਖ] ਦਾ ਕੰਮ ਤੇ ਸ਼ਸਤਰ ਨਾਲ ਮਜ਼ਲੂਮ ਦੀ ਰਖਿਆ ਕਰਨਾ ਹੈ ।

ਧਰਮ ਨੂੰ ਮੰਨਣ ਵਾਲੇ ਸ਼ਸਤਰ-ਧਾਰੀ ਦਾ ਧਰਮ ਹੈ ਕਿ ਮਜ਼ਲੂਮ ਦੀ ਰਖਿਆ ਕਰੇ ਨਹੀਂ ਤਾਂ ਉਸ ਦੇ ਥਾਂ ਸ਼ਹੀਦ ਹੋ ਜਾਵੇ । ਜੇ ਕੁਝ ਵੀ ਨਾ ਹੋ ਸਕੇ ਤਾਂ ਅਕਾਲ ਪੁਰਖ ਅਗੇ ਅਰਦਾਸ ਕਰੇ । ਇਸੇ ਵਿਚਾਰ ਦਾ ਨਿਰਨਾ ਕਬੀਰ ਜੀ ਕਰਦੇ ਹਨ—

ਬੇਦ ਕਤੇਬ ਕਹਹੁ ਮਤ ਝੂਠੇ । ਝੂਠਾ ਸੋ ਜੋ ਨ ਬਿਚਾਰੈ ।
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ।
ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ—
ਜੋਤਿ ਸਰੂਪ ਅਨਾਹਤਿ ਲਾਗੀ ਕਹੁ ਹਲਾਲੁ ਕਿਉ ਕੀਆ । ੨ ।
[ਪ੍ਰਭਾਤੀ ਕਬੀਰ ਜੀ]

ਹੈਵਾਨਾਤ—ਪਸ਼ੂ-ਪੰਛੀਆਂ ਵਿਚ ਚਾਰ ਤੱਤ ਵਿਸ਼ੇਸ਼ ਕਰਕੇ ਅਤੇ ਪੰਜਵਾਂ ਤੱਤ ਬਹੁਤ ਥੋੜ੍ਹਾ ਹੁੰਦਾ ਹੈ । ਉਨ੍ਹਾਂ ਨੂੰ ਜਦੋਂ ਵਢਣ ਵੇਲੇ ਫੜ ਕੇ ਲਿਆਉਂਦੇ ਹਨ ਉਸ ਵਕਤ ਮਾਰਨ ਵਾਲੇ ਨੇ ਉਸ ਨੂੰ ਕਾਬੂ ਕੀਤਾ ਹੁੰਦਾ ਹੈ ਤੇ ਉਹ ਬੇ-ਬਸ ਹੋ ਕੇ ਛੁਰੀ, ਕ੍ਰਿਪਾਨ, ਗੜਾਸੇ ਜਾਂ ਮਸ਼ੀਨ ਥੱਲੇ ਆਉਂਦਾ ਹੈ ਤਾਂ ਛੁੱਟਣ ਵਾਸਤੇ ਕੋਸ਼ਿਸ਼ ਕਰਦਾ ਹੈ । ਤੜਫਦਾ ਹੈ, 'ਹਾਏ...ਮੈ ਜਾਂ ਭੈਂ ਦੀ ਪੁਕਾਰ ਕਰਦਾ ਹੈ । ਬਦ-ਅਸੀਸ ਮਾਰਨ ਵਾਲੇ, ਵੇਚਣ ਵਾਲੇ, ਵੱਢਣ ਵਾਲੇ, ਮਾਸ ਮੁੱਲ ਲੈਣ ਵਾਲੇ, ਵੱਢਣ ਵਾਸਤੇ ਮਸ਼ੀਨ-ਛੁਰੀ ਆਦਿ ਬਨਾਉਣ ਵਾਲੇ, ਲੈ ਜਾ ਕੇ ਰਿੰਨ੍ਹਣ, ਖਾਣ ਵਾਲਿਆਂ ਸਾਰਿਆਂ ਨੂੰ ਮਿਲਦੀ ਹੈ । ਉਸ ਦੇ ਅੰਤਕਾਲ ਦੀ ਪੁਕਾਰ ਕਰਤਾਰ ਦੇ ਕੋਲ ਪਹੁੰਚਦੀ ਹੈ ਅਤੇ ਸਾਰਿਆਂ ਦਾ ਅੱਗੋਂ ਦਾ ਕਰਮ ਮਾੜਾ ਬਣਾਉਂਦੀ ਹੈ ।

ਮੁਸਲਮਾਨ ਭਰਾਵਾਂ ਦੀ ਰੱਬੀ ਬਾਣੀ [ਕਲਾਮ] ਕੁਰਾਨ ਸ਼ਰੀਫ ਵਿਚ [ਰਹੀਮ] ਖੁਦਾਵੰਦ ਕਰੀਮ ਨੂੰ ਲਿਖਿਆ ਹੈ ਤੇ ਰਹੀਮ ਰਹਿਮਤ [ਦਯਾ] ਕਰਨ 'ਵਾਲੇ ਨੂੰ ਕਿਹਾ ਹੈ। ਤਾਂ ਕੀ ਇਹ ਸਾਡੇ ਸਿੱਖ-ਹਿੰਦੂ ਵੀਰਾਂ ਲਈ ਲਾਗੂ ਨਹੀਂ ਹੁੰਦਾ ?

ਮੁਸਲਮਾਨ ਵਾਸਤੇ—ਜੋ ਕਹਿੰਦੇ ਹਨ ਕਿ ਮੁਸਲਮਾਨੀ ਮਜ਼ਹਬ ਵਿਚ ਮਾਸ ਖਾਣਾ ਜਾਇਜ਼ ਹੈ ।

ਮੁਸਲਮਾਨ ਮੋਮ-ਦਿਲ ਹੋਵੈ । ਅੰਤਰ ਕੀ ਮਲ ਦਿਲ ਤੇ ਧੋਵੈ ।
ਦੁਨੀਆ ਰੰਗ ਨਾ ਆਵੈ ਨੇੜੇ ਜਿਉਂ ਕੁਸਮ ਪਾਟ ਘਿਉ ਪਾਕਨਗ ।

ਮੁਸਲਮਾਨ ਮੋਮ-ਦਿਲ [ਨਰਮ-ਦਿਲ, ਦਯਾ ਕਰਨ ਵਾਲਾ ਦਿਲ] ਹੋਣਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਜੀ ਨੂੰ ਮੱਕੇ ਦੇ ਕਾਜ਼ੀ—ਇਮਾਮ ਰੁਕਨਦੀਨ ਆਦਿਕ ਸਵਾਲ ਪੁੱਛਦੇ ਹਨ ਕਿ ਮਾਸ ਗਊ ਦਾ ਖਾਣਾ ਪਾਪ ਹੈ ਜਾਂ ਸੂਰ ਦਾ। ਤਾਂ ਪਾਤਸ਼ਾਹ ਉਚਾਰਦੇ ਹਨ—

ਗਊ ਭੇਸ ਅਰ ਮੁਰਗੀਆਂ ਹੋਇ ਹੈਰਾਨ ਗਰੀਬ।
ਤਹ ਪਰ ਛੁਰੀ ਹਰਾਮ ਹੈ ਖਾਵਨ ਤਿਨਾਂ ਪਲੀਤ।
ਇਹ ਵਿਚਾਰੇ ਜਾਨਵਰ ਤਿਨ ਕਰਨ ਹਲਾਲ।
ਬਿਨਾਂ ਰਜਾਇ ਖੁਦਾਇ ਦੀ ਤਿਹ ਪਰ ਛੁਰੀ ਚਵਾਲ।
ਮੂਆ ਜੀਵ ਮੁਰਦਾਰ ਹੈ ਸਹਕੇ ਜਾਨ ਕਵਾਏ।
ਖਾਣਾ ਇਹ ਹਰਾਮ ਹੈ ਤਿਹ ਪਰ ਛੁਰੀ ਰਵਾਇ।
ਖਾਣਾ ਮਾਸ ਗੁਨਾਹ ਹੈ ਜੋਰੀ ਜੀਅ ਹਲਾਲ।
ਜੋਰੀ ਕੁਠਾ ਹਰਾਮ ਹੈ ਰਿਸ ਤੇ ਹੋਇ ਜ਼ਵਾਲ।
ਜੋ ਜੀਅ ਮਾਰ ਜੀਵਾਲੀਅਨ ਤਿਨ ਕੋ ਮਾਸ ਹਲਾਲ।
ਜੋ ਜੀਅ ਮਾਰ ਨਾ ਜੀਵਦੀ ਤਿਨਕੋ ਬੜੇ ਅਜਾਬ।

ਜੀਆ ਬਧਹੁ ਸੁ ਧਰਮ ਕਰਿ ਥਾਪਹੁ - ਅਧਰਮ ਕਹਹੁ ਕਤ ਭਾਈ।
ਆਪਸ ਕਉ ਮੁਨਿਵਰ ਥਾਪਹੁ ਕਾਕਉ ਕਹਹੁ ਕਸਾਈ। [ਕਬੀਰ ਜੀ]

ਜੇਕਰ ਜੀਵ ਵਢਣੇ-ਮਾਰ ਕੇ ਖਾਣੇ ਹੀ ਧਰਮ ਵਿਚ ਜਾਇਜ਼ ਕਹੀਏ ਭਾਵ ਜੋ ਧਰਮ ਦੇ ਨਿਯਮ ਵਿਚ ਜੀਵ ਮਾਰਨੇ ਲੈ ਆਈਏ ਫਿਰ ਅਧਰਮ [ਪਾਪ] ਕਿਸ ਦਾ ਨਾਮ ਹੋਇਆ ? ਮੁਸਲਮਾਨ ਬਿਸਮਿੱਲਾ ਕਰਕੇ ਕਲਮਾ ਜੋ ਮੁਸਲਮਾਨੀ ਮਤ ਦਾ ਮੂਲ ਮੰਤਰ ਹੈ—ਪੜ੍ਹਕੇ ਜੀਵ ਛੁਰੀ ਨਾਲ ਵੱਢਦੇ ਹਨ ਅਤੇ ਸਿਖ ਸਤਿ ਸ੍ਰੀ ਅਕਾਲ [ਅਕਾਲ ਪੁਰਖ ਸੱਚਾ ਹੈ] ਕਹਿ ਕੇ ਇਕੋ ਟਕ ਨਾਲ ਵੱਢਦੇ ਹਨ । ਦਯਾ ਦੋਹਾਂ ਨੇ ਹੀ ਨਹੀਂ ਰਖੀ, ਜ਼ੁਲਮ ਦੋਹਾਂ ਨੇ ਕੀਤਾ। ਕੁਠੇ ਦਾ ਅਰਥ ਕੁਹ ਕੇ [ਹੌਲੀ-ਹੌਲੀ] ਮਾਰਨਾ, ਸਗੋਂ ਜ਼ੁਲਮ ਉਨਾ ਹੀ ਵਧਿਆ ਜਿੰਨੀ ਦੇਰ ਲੱਗੀ।

ਮਹੁੰਮਦ ਸਾਹਿਬ ਜਦੋਂ ਦੁਸ਼ਮਣਾਂ ਦੇ ਘੇਰੇ ਵਿਚ ਆਏ ਤੇ ਭੁੱਖੇ ਮਰਨ ਲਗੇ ਤੇ ਗਊਆਂ ਮਾਰ ਕੇ ਖਾਣ ਲੱਗੇ । ਨਾਲਦਿਆਂ ਕਿਹਾ, "ਹਜ਼ਰਤ ! ਤੁਸੀਂ ਪਹਿਲਾਂ ਖਾਓ ।" ਉਨ੍ਹਾਂ ਕਿਹਾ, "ਮੈਂ ਤਾਂ ਨਹੀਂ ਖਾਵਾਂਗਾ ।" ਦੂਜਿਆਂ ਨੂੰ ਖਵਾਉਣ ਵਾਸਤੇ ਉਂਗਲ ਨੂੰ ਲਾ ਕੇ ਥੁਕ ਦਿਤਾ । ਖਾਧਾ ਨਹੀਂ । [ਉਨ੍ਹਾਂ ਦੀਆਂ ਕਿਤਾਬਾਂ ਵਿਚੋਂ]

## ਗੁਰੂ ਬਾਣੀ ਦਾ ਫਰਮਾਨ

ਤਉ ਨਾਨਕ ਸਰਬ ਜੀਆਂ ਮਿਹ ਰਾਮਤਿ ਹੋਇ ਹੋਤਿ ਤਾਂ ਮੁਸਲਮਾਨ ਕਹਾਵੈ ।

ਸਾਰਿਆਂ ਜੀਆਂ ਤੇ ਦਇਆ ਕਰਨ ਵਾਲਾ ਮੁਸਲਮਾਨ ਕਹਾ ਸਕਦਾ ਹੈ ।

[ਰਹੀਮ=ਰਹਿਮਤ ਕਰਨ ਵਾਲਾ]

ਚੀਟੀ ਤੇ ਕੁੰਚਰ ਅਸਥੂਲਾ - ਸਭ ਪਰ ਕ੍ਰਿਪਾ ਦ੍ਰਿਸ਼ਟ ਕਰ ਫੂਲਾ ।

ਅਕਾਲ ਪੁਰਖ ਕੀੜੀ ਤੋਂ ਲੈ ਕੇ ਹਾਥੀ ਤਕ ਸਭ ਜੀਆਂ ਤੇ ਕ੍ਰਿਪਾ ਕਰਕੇ ਖੁਸ਼ ਹੁੰਦਾ ਹੈ ਤੇ ਜਦੋਂ ਅਸੀਂ ਆਪਣੇ ਤੋਂ ਕਮਜ਼ੋਰ ਗਰੀਬ ਜੀਵ ਨੂੰ ਮਾਰਾਂਗੇ ਜ਼ਬਾਨ ਦੇ ਸੁਵਾਦ ਵਾਸਤੇ ਤਾਂ ਕੀ ਉਹ ਸਾਡੇ ਤੇ ਖੁਸ਼ ਹੋਵੇਗਾ ਜਾਂ ਅਕਾਲ ਪੁਰਖ ਖੁਸ਼ ਹੋਵੇਗਾ ?

ਅੰਡਜ-ਜੇਰਜ, ਸੇਤਜ-ਉਤਭੁਜ ਤੇਰੇ ਕੀਤੇ ਜੰਤਾ ।
ਏਕ ਪੁਰਬ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਵਰਤੰਤਾ ।

ਗੁਰੂ ਬਾਣੀ ਵਾਕ—ਅੰਡਿਆਂ ਵਿਚ ਵੀ ਜੀਵ (ਜੰਤਾ) ।

ਕੀ ਕੁਕੜੀ ਨੇ ਅੰਡਾ ਆਪਣਾ ਬੱਚਾ ਪੈਦਾ ਕਰਨ ਨੂੰ ਦਿਤਾ ਹੈ ਜਾਂ ਆਦਮੀ ਦੇ ਖਾਣ ਨੂੰ ? ਅੰਡਾ ਖਾਣਾ, ਤੋੜਨਾ, ਗਰਭ ਦੇ ਗਿਰਾਉਣ ਜਿੰਨਾ ਦੋਸ਼ ਹੈ । ਅੰਡੇ ਦੀ ਅਵਸਥਾ ਵਿਚ ਜਾਨ ਪੈਣ ਤੋਂ ਪਹਿਲਾਂ ਆਦਮੀ ਦਾ ਬੱਚਾ ਵੀ ਤਾਂ ਮਾਂ ਦੇ ਪੇਟ ਵਿਚ ਸੁੰਨ ਅਵਸਥਾ ਵਿਚ ਹੁੰਦਾ ਹੈ ।

ਜੇ ਸਕਤਾ ਸਕਤੇ ਕਉ ਮਾਰੇ ਖਸਮੇ ਰੋਸ ਨਾ ਹੋਈ ।
ਸਕਤਾ ਸੀਹ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ।

ਜੇ ਸਕਤਾ (ਤਕੜਾ) ਤਕੜੇ ਨੂੰ ਮਾਰੇ ਤਾਂ ਅਕਾਲ ਪੁਰਖ (ਖਸਮ) ਰੋਸ (ਗੁਸਾ) ਨਹੀਂ ਕਰੇਗਾ । ਸਕਤਾਸੀਂਹ (ਤਕੜਾ ਸ਼ੇਰ) ਵਗੈ—ਗਊ, ਗਰੀਬ ਕਮਜ਼ੋਰ ਨੂੰ ਮਾਰੇਗਾ ਤਾਂ ਖਸਮੈ ਸਾ ਪੁਰਸਾਈ, (ਪੁਛੇਗਾ) ਤਾਂ ਅਕਾਲ ਪੁਰਖ ਉਸ ਨੂੰ ਫੜਕੇ ਪੁਛੇਗਾ । ਸਜ਼ਾ ਦੇਵੇਗਾ । (ਅੱਠ ਸਠ ਤੀਰਥ ਸਗਲ ਪੁੰਨ ਜੀਆ ਦੈਯਾ ਪ੍ਰਵਾਨ) (ਧੌਲ ਧਰਮ ਦੈਯਾ ਕਾ ਪੂਤ), ਭਾਂਗ ਮਾਛੁਲੀ ਸੁਰਾ ਪਾਨ ਜੋ ਜੋ ਪ੍ਰਾਨੀ ਖਾਂਹਿ । ਤੀਰਥ ਬਰਤ ਨੇਮ ਕੀਏ ਸਭੇ ਰਸਾਤਲ ਜਾਂਇ । ਜਿਹੜੇ ਆਦਮੀ, ਭੰਗ, ਮਛੀ ਸ਼ਰਾਬ ਖਾਂਦੇ-ਪੀਂਦੇ ਹਨ ਉਹਨਾਂ ਦੇ ਤੀਰਥ ਨ੍ਹਾਤੇ, ਨਿਤਨੇਮ, ਪਾਠ, ਪੂਜਾ, ਅਖੰਡ ਪਾਠ ਅਤੇ ਬਰਤ ਰਖੇ ਨਿਸਫਲ ਜਾਂਦੇ ਨੇ । (ਪਾਪ ਕਰੇ ਪੰਚਾਂ ਕੇ ਵੱਸ ਰ) (ਤੀਰਥ ਨ੍ਹਾਇ ਕਹੈ ਸਭ ਉਤਰੇ) ਤੀਰਥ ਨਹਾਕੇ ਕਹਿੰਦਾ ਮੇਰੇ ਸਾਰੇ ਪਾਪ ਉਤਰ ਗਏ । (ਬਹਰ ਕਾਮਾਇ ਹੋਇ ਨਿਸੰਕ) ਹੋਰ ਜ਼ਿਆਦਾ ਪਾਪ ਕਰਦਾ ਹੈ ਕਿ ਫੇਰ ਤੀਰਥ ਨਹਾ ਕੇ

ਉਤਾਰ ਲਵਾਂਗੇ । ਪਰ (ਜਮਪੁਰ ਬਾਂਧ ਖਰੇ ਕਾਲੰਕ) ਜਮ ਉਹਨਾਂ ਨੂੰ ਬੰਨ੍ਹਕੇ ਲੈ ਜਾਵੇਗਾ ਅਤੇ ਸਜਾ ਦੇਗਾ । ਇਤਿਹਾਸ ਵਿਚ ਕਈ ਥਾਈਂ ਗੁਰੂ ਨਾਨਕ ਦੇਵ ਜੀ ਨੇ ਮਾਸ ਰਿੰਨ੍ਹਿਆਂ ਤੀਰਥਾਂ ਪਰ ਜਾ ਕੇ ਲਿਖਿਆ ਮਿਲਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਿਕਾਰ ਖੇਡਦਿਆਂ ਜੀਆਂ ਨੂੰ ਮਾਰਿਆ ਮਿਲਦਾ ਹੈ । ਇਸਨੂੰ ਮੁਖ ਰਖਕੇ ਕਈ ਵੀਰ ਸਿਧ ਕਰਦੇ ਹਨ ਕਿ ਗੁਰੂਆਂ ਨੇ ਇਹ ਕੰਮ ਕੀਤੇ । ਤਾਂ ਸਾਨੂੰ ਮਾਸ ਰਿੰਨ੍ਹ ਕੇ ਖਾਣਾ ਜਾਂ ਸ਼ਿਕਾਰ ਖੇਡਣਾ ਕਿਉਂ ਪਾਪ ਹੋਇਆ । ਉਹਨਾਂ ਪਾਤਸ਼ਾਹਾਂ ਦੇ ਉਪਦੇਸ਼ ਰੂਪੀ ਗੁਰੂ ਬਾਣੀ ਦੁਆਰਾ ਜੋ ਸਾਡੇ ਕਲਿਆਣ ਵਾਸਤੇ ਹੈ ਉਸ ਵਿਚ ਕਿਤੇ ਵੀ ਮਾਸ ਖਾਣ ਦਾ ਉਪਦੇਸ਼ ਨਹੀਂ ਹੈ । ਇਸ ਦਾ ਨਿਰਨਾ ਕੀਤਾ ਹੈ ਕਿ ਗੁਰ ਕਹਿਆ ਸਾ ਕਾਰ ਕਮਾਵਹੁ, ਗੁਰਕੀ ਕਰਨੀ ਕਾਹੇ ਧਾਵਹੁ । ਗੁਰੂ ਨਾਨਕ ਜੀ ਨੇ ਜੋ ਮਾਸ ਤੀਰਥਾ ਪਰ ਰਿੰਨ੍ਹਿਆਂ ਤਾਂ ਜਦੋਂ ਮਾਸ ਰਿਝਦੇ ਬਰਤਨ ਉਪਰੋਂ ਢੱਕਣ ਚੁਕ ਕੇ ਦੇਖਿਆ ਤਾਂ ਖੀਰ ਜਾਂ ਕੜਾਹ ਪ੍ਰਸ਼ਾਦ ਦਿਸਆ । ਉਹ ਸਿਰਫ ਇਕ ਨਾਟਕ ਉਹਨਾਂ ਤੀਰਥਾਂ ਦੇ ਧਾਰਮਕ ਆਗੂਆਂ ਅਤੇ ਪੁਜਾਰੀਆਂ ਨੂੰ ਸਿਧੀ ਸਿਖਿਆ ਦੇਣ ਵਾਸਤੇ ਸੀ । ਉਹਨਾਂ ਦੇ ਭਲੇ ਵਾਸਤੇ ਸੀ ਤੇ ਅਸੀਂ ਜ਼ਬਾਨ ਦੇ ਸੁਵਾਦ ਵਾਸਤੇ ਖਾਂਦੇ ਹਾਂ । (ੳ) ਕੀ ਅਸੀਂ ਵੀ ਮਾਸ ਦਾ ਪ੍ਰਸ਼ਾਦ ਜਾਂ ਖੀਰ ਬਨਾਉਣ ਦੀ ਸ਼ਕਤੀ ਰਖਦੇ ਹਾਂ । (ਅ) ਕੀ ਅਸੀਂ ਵੀ ਮਾਰ ਕੇ ਜੀਵਾਂ ਨੂੰ ਜੀਂਦੇ ਕਰ ਸਕਦੇ ਹਾਂ । ਕਹੋ ਇਕ ਜੀਵ ਦਾ ਖੰਭ ਜਾਂ ਨੌਂਹ ਟੁਟਾ ਤਾਂ ਲਾ ਨਹੀਂ ਸਕਦੇ । ਉਹਨਾਂ ਨੇ ਤਾਂ ਦੇਵ ਲੂਤ ਨੂੰ ਮਾਸ ਖਾਣੋਂ ਹਟਾਇਆ । ਕੌਡ ਰਾਖਸ਼ ਦਾ ਤੇਲ ਦਾ ਤੱਪਦਾ ਕੜਾਹਾ ਠੰਡਾਂ ਕਰ ਦਿੱਤਾ । ਤੇ ਸਾਨੂੰ ਉਹ ਮਾਸ ਖਾਣ ਦੀ ਖੁਲ੍ਹ ਕਿਵੇਂ ਦੇ ਸਕਦੇ ਹਨ ?

ਕੁਰੂਕਸ਼ੇਤਰ ਦੇ ਪੰਡਤਾਂ ਨੂੰ ਸੂਰਜ ਗ੍ਰਹਿਣ ਤੇ ਗੁਰੂ ਨਾਨਕ ਦੇਵ ਜੀ ਉਹਨਾਂ ਲੋਕਾਂ ਦਾ ਭਰਮ ਦੂਰ ਕਰਨ ਲਈ ਇਕ ਸ਼ਬਦ ਵਡਹੰਸ ਕੀ ਵਾਰ ਮਃ ੧ (ਮਾਸ ਮਾਸ ਕਰ ਮੂਰਖ ਝਗੜੇ) ਪੰਖੰਡੀਆਂ ਨੂੰ ਉਪਦੇਸ਼ ਦਿੰਦੇ ਨੇ । (ਕਿਸੇ ਸ਼ਬਦ ਵਿਚ ਜਦੋਂ ਸਤਿਗੁਰੂ ਉਪਦੇਸ਼ ਦਿੰਦਾ ਹੈ ਉਹ ਮਰਯਾਦਾ ਨਹੀਂ ਹੁੰਦੀ) । ਕਉਣ ਮਾਸ ਕਉਣੁ ਸਾਗੁ ਕਹਾਵੈ ਕਿਸੁਮਹਿ ਪਾਪ ਸਮਾਣੇ । ਪਰ ਇਸੇ ਹੀ ਸ਼ਬਦ ਵਿਚ, ਅਗੇ ਜਾ ਕੇ ਲਿਖਿਆ ਹੈ "ਅਭਖ ਭਖਹਿ ਭਖੁ ਤੱਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ।" ਭਖ (ਖਾਣਾ, ਖੁਰਾਕ) ਅਭਖ—ਨਾ ਖਾਣ ਵਾਲੀ ਚੀਜ਼ (ਆਖਾਜ) ਜੋ ਖੁਰਾਕ ਆਦਮੀ ਦੇ ਖਾਣ ਤੋਂ ਉਲਟ ਹੈ, ਬੁਧੀ ਭਰਸ਼ਟ ਕਰਨ ਵਾਲੀ ਖੁਰਾਕ ਤੂੰ ਖਾਂਦਾ ਹੈ ਅਤੇ ਖਾਜ ਜੋ ਚੰਗੀ ਸਤੋ ਗੁਣੀ ਸੁਭਾ ਨੂੰ ਸ਼ਾਂਤੀ ਦੇਣ ਵਾਲੀ ਖੁਰਾਕ ਹੈ, ਛਡਦਾ ਹੈਂ । ਗੁਰੂ ਹੈ ਜਿਨ੍ਹਾਂ ਦਾ ਅੰਧ । ਬਕਰੀ ਜਿਸ ਦਾ ਮਾਸ ਸਾਡੇ ਸਿਖ ਭਾਈ ਵੀ ਵਿਚਾਰ ਕਰ ਲੈਣ ਕਿ ਵਢਕੇ ਖਾਣਾ ਕਿੰਨਾ ਵਡਾ ਪਾਪ ਹੈ । ਜਿਸ ਨੂੰ ਭਾਃ ਗੁਰਦਾਸ ਜੀ ਇਸ ਤਰ੍ਹਾਂ ਵਰਨਣ ਕਰਦੇ ਹਨ । ਸੀਂਹ ਪਜੂਤੀ ਬਕਰੀ, ਮਰਦੀ ਹੋਈ ਹੜ ਹੜ ਹੱਸੀ । ਸੀਂਹੁ ਪੁਛੈ ਵਿਸਮਾਦ ਹੋਇ ਇਤੁ ਅਉਸਰ ਕਿਤੁ ਰਹਸਿ ਰਹੱਸੀ । ਬਿਨਉ ਕਰੇਂਦੀ ਬਕਰੀ ਪੁਤਰ ਅਸਾਡੇ ਕੀਚਨ ਖੱਸੀ । ਅੱਕ ਧਤੂਰਾ ਖਾਧਿਆਂ, ਕੁਹਿ ਕੁਹਿ ਖਲ, ਉਖਲਿ ਵਿੱਣਸੀ । ਮਾਸ ਖਾਨ ਗਲ ਵਢਿਕੈ ਹਾਲੁ ਤਿਨਾੜਾ ਕਉਣ ਹੋਵੱਸੀ । ਸੀਂਹ (ਸ਼ੇਰ) ਬਕਰੀ ਨੂੰ ਖਾਣ ਲਗਾ ਤੇ ਬਕਰੀ ਹੱਸ ਪਈ ਸ਼ੇਰ ਨੇ ਪੁਛਿਆ ਕਿ ਇਸ ਵਕਤ ਮਰਨ ਵੇਲੇ ਤੂੰ ਹੱਸੀ ਹੈਂ । ਫੇਰ ਹੋਰ ਭਾਈ ਗੁਰਦਾਸ ਜੀ ਦਸਦੇ ਹਨ ਕੁਹਿ ਕਸਾਈ ਬਕਰੀ ਲਾਇ ਲੂਣ ਸੀਖ ਮਾਸ ਪਰੋਆ ਹੱਸ ਹੱਸ ਬੋਲੇ ਕੁਹੀਦੀ ਖਾਧੇ ਅੱਕ ਹਾਲ ਇਹ ਹੋਇਆ "ਮਾਸ ਖਾਨ ਗੱਲ ਛੁਰੀ ਦੇ ਹਾਲ

ਤ੍ਰਿਨਾੜਾ ਕਉਣ ਅਲੋਆ ।" ਬਕਰੀ ਕੋਹਕੇ, ਬੰਨ੍ਹਕੇ, ਮਾਰਕੇ, ਮਾਸ ਸੀਖਾਂ ਵਿਚ ਪਰੋਕੇ, ਭੁੰਨ ਕੇ ਖਾਧਾ ਤਾਂ ਜਦੋਂ ਬਕਰੀ ਨੂੰ ਮਾਰਦੇ ਸੀ ਉਹ ਹੱਸਕੇ ਕਹਿੰਦੀ ਕਿ ਸਾਡਾ ਅੱਕ ਖਾਧਿਆਂ ਦਾ ਇਹ ਹਾਲ ਹੋਇਆ ਭਾਵ ਅਸੀਂ ਮਾਸ ਨਹੀਂ ਖਾਦੀਆਂ ਸਿਰਫ਼ ਬਾਹਰੋਂ ਅੱਕ ਧਤੂਰਾ ਬਗੈਰ ਬੀਜੇ ਤੋਂ ਜੰਗਲ ਵਿਚ ਆਪਣੇ ਆਪ ਉਗੇ ਹੁੰਦੇ ਹਨ ਉਹੋ ਹੀ ਖਾਂਦੀਆਂ ਹਾਂ । ਫੇਰ ਸਾਡਾ ਇਹ ਹਾਲ ਹੋਇਆ ਹੈ ਜਿਹੜੇ ਸਾਡਾ ਗਲ ਵੱਢਕੇ ਮਾਸ ਖਾਂਦੇ ਹਨ । ਉਹਨਾਂ ਦਾ ਕੀ ਹਾਲ ਹੋਏਗਾ ? ਉਹ ਮਾਸ ਖਾਣ ਵਾਲੇ ਆਦਮੀ ਖੁਦ ਸੋਚ ਲੈਣ । ਇਸ ਤੋਂ ਇਲਾਵਾਂ ਅਸੀਂ ਦਿਨ ਵਿਚ ਦੋ ਜਾਂ ਤਿੰਨ ਦਫ਼ਾ ਅਰਦਾਸ ਦੇ ਅਖੀਰ ਸਾਰੇ ਹੀ ਭਰਾ ਕਹਿੰਦੇ ਹਾਂ "ਗੁਰੂ ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰੱਬਤ ਦਾ ਭਲਾ ।" ਸਰਬਤ ਵਿਚ ਸਾਰੇ ਜੀਵ, ਪਸ਼ੂ, ਪੰਛੀ ਆ ਗਏ । ਸੱਪ, ਕੁਕੜ, ਬਕਰੇ, ਗਾਂ, ਸੂਰ, ਵੀ ਆ ਗਏ । ਫਿਰ ਆਪਣੇ ਪੁਤਰਾਂ ਦਾ ਭਲਾ ਤੇ ਉਹਨਾਂ ਨੂੰ ਕੱਟ ਕੇ ਮਾਸ ਖਾਈਏ । ਆਪਣੇ ਸਰੀਰ ਨੂੰ ਸੁਵਾਦੀ ਤੇ ਤਕੜਾ ਕਰਨ ਨੂੰ, ਆਪਣੇ ਪੁਤਰਾਂ ਦੇ ਵਿਆਹਾਂ ਸ਼ਾਦੀਆਂ ਦੀ ਖੁਸ਼ੀ ਤੇ, ਕੀ ਗੁਰੂ ਨਾਨਕ ਸਾਡੇ ਤੇ ਖੁਸ਼ ਹੋਇਆ ? ਕੀ ਮਾਰਨ ਵਾਲੇ ਪਸ਼ੂ ਪੰਛੀਆਂ ਨੂੰ ਕਦੇ ਪੁਛਿਆ ਕਿ ਤੁਹਾਡਾ ਇਸ ਵਿਚ ਭਲਾ ਹੈ । ਕੀ ਆਪਣੇ ਬਚਿਆਂ ਨੂੰ ਕੋਈ ਵਢੇ ਤਾਂ ਭਲਾ ਮੰਨੋਗੇ ? ਕਈ ਵੀਰ ਅੱਖੰਡ ਪਾਠ ਦਾ ਸਵੇਰ ਨੂੰ ਭੋਗ ਪਵਾ ਕੇ ਸ਼ਾਮ ਨੂੰ ਪਾਰਟੀ ਕਰਦੇ ਕੁੱਕੜ ਭੁੰਨ ਕੇ ਖਾਂਦੇ ਸ਼ਰਾਬਾਂ ਪੀਂਦੇ । ਕੀ ਗੁਰੂ ਉਹਨਾਂ ਨੂੰ ਸਜ਼ਾ ਨਾ ਦੇਗਾ । ਕਈ ਖਾਲਸੇ ਕਹਿੰਦੇ ਕਿ ਧਰਮ ਯੁਧ ਕਰਦਿਆਂ ਖਾ ਲੈਣਾ ਚਾਹੀਦਾ ਹੈ । ਕੀ ਮਾਸ ਖਾਣ ਲਗਿਆਂ ਧਰਮ ਯੁਧ ਹੋਇਆ ? ਆਪ ਤੋਂ ਕਮਜ਼ੋਰ ਉਤੇ ਤੂੰ ਪਹਿਲਾਂ ਜੁਲਮ ਕਰ ਲਿਆ ਤੇ ਧਰਮ ਯੁਧ ਵਿਚ ਜਾ ਕੇ ਕੀ ਪਤਾ ਤੂੰ ਯੁਧ ਕਰੇਂਗਾ ਜਾਂ ਪਹਿਲਾਂ ਹੀ ਖਤਮ ਹੋ ਜਾਏਗਾ । ਅਧਰਮ ਤਾਂ ਯੁਧ ਕਰਕੇ ਘਰੋਂ ਤੁਰਿਆ ਹੈ ।

ਕੁਝ ਭਾਈ ਕਹਿੰਦੇ ਹਨ ਕਿ ਆਪਣੇ ਸਰੀਰ ਦੀ ਰਖਸ਼ਾ ਵਾਸਤੇ ਖਾ ਲੈਣਾ ਚਾਹੀਦਾ ਹੈ। ਭਾਈ ਇਕ ਦੀ ਜਿੰਦਗੀ ਤੂੰ ਖਾਣ ਵੇਲੇ ਤਬਾਹ ਕਰ ਦਿੱਤੀ, ਤੇਰੀ ਆਪਣੀ ਜਾਨ ਬਚੇਗੀ ਕਿ ਨਾ । ਕੀ ਉਸ ਜੀਵ ਨੂੰ ਆਪਣੀ ਜ਼ਿੰਦਗੀ ਨਹੀਂ ਚਾਹੀਦੀ ? ਕੀ ਉਸ ਜੀਵ ਉਸਦੀ ਆਪਣੀ ਜਿੰਦਗੀ ਬਚਾਉਣ ਵਾਸਤੇ ਤੇਰੇ ਮਾਸ ਦੀ ਲੋੜ ਪਵੇ ਤਾਂ ਤੂੰ ਦੇਣ ਨੂੰ ਤਿਆਰ ਹੈ । ਜਾਂ ਤੇਰੇ ਕਿਸੇ ਬਚੇ ਦੀ ਮਾਸ ਦੀ ਬੋਟੀ ਦੀ ਲੋੜ ਪਵੇ ਤਾਂ ਤੂੰ ਖੁਸ਼ੀ ਨਾਲ ਬਚੇ ਨੂੰ ਉਸ ਦੇ ਹਵਾਲੇ ਕਰੇਂਗਾ ?

ਇਨਸਾਨ ਕਰਮ ਕਰਨ ਵਿਚ ਸੁਤੰਤਰ (ਆਜ਼ਾਦ) ਹੈ ਜੁਲਮ ਜੋਰ ਨਾਲ ਕਰ ਲੈਂਦਾ ਹੈ ਮਗਰ ਭੋਗਣ ਵਿਚ ਪਰਤੰਤਰ ਹੈ । ਆਜ਼ਾਦ ਨਹੀਂ । ਫੇਰ ਪਰਾਲੱਬਧ ਬਾਣੀ ਤੇ ਭੋਗਣੀ ਹੀ ਹੀ ਪਏਗਾ । ਅਸੰਖ ਗਲ ਵਢਿ ਹੱਤਆ ਕਮਾਹਿ । ਅਸੰਖ ਪਾਪੀ ਪਾਪ ਕਰਜਾਹਿ ਜੀਅ ਜੁ ਮਾਰੇ ਜ਼ੋਰ ਕਰ ਕਹਿਤਾ ਨਾਉਂ ਹਲਾਲ । ਦਫ਼ਤਰ ਦਈ ਜਬ ਕਾਢਿ ਹੈ ਹੋਇਸ ਕਉਣ ਹਵਾਲ । ਕਬੀਰ ਜੋਰ ਕੀਆ ਸੁ ਜੁਲਮ ਹੈ ਕਹਤਾ ਨਾਉ ਹਲਾਲ ਕਿਸੇ ਜੀਵ ਨੂੰ (ਜੋਰ) ਜਬਰਦਸਤੀ ਮਾਰਨਾ ਆਪਣੇ ਪੇਟ ਭਰਨ ਵਾਸਤੇ ਸੁਆਦ ਵਾਸਤੇ ।

**ਚੌਪਈ—ਦੇਵ ਲੂਤ ਦੀ ਸਾਖੀ**

ਸੁਨਹੁ ਗੁਰੂ ਕੀ ਅਗਾਦਿ ਗਤਿ ਦਾਨੀ, ਕਥਾ ਬਿਸਾਲ ਸੁਹਾਨੀ

ਜਦੋਂ ਦੇਵ ਲੂਤ ਨੇ ਆਪਣੇ ਦੂਤ ਗੁਰੂ ਨਾਨਕ ਜੀ ਨੂੰ ਆਪਣੀ ਖੁਰਾਕ ਸਮਝਕੇ ਫੜਨ ਵਾਸਤੇ ਭੇਜੇ ਤਾਂ ਉਹ ਅੰਨ੍ਹੇ ਹੋ ਗਏ । ਫਿਰ ਅਧੀਨਗੀ ਧਾਰਨ ਕਰਕੇ

ਆਪ ਹਾਜਰ ਹੋਇਆ ਕੁਝ ਫਲ ਅਤੇ ਅੰਨ ਤਿਆਰ ਕਰਕੇ ।
ਦੇਵ ਲੂਤ ਨਿਜ ਭ੍ਰਿਤ ਬੁਲਾਏ, ਤੂਰਨ ਰਾਖਸ਼ ਸਪਤ ਪਠਾਏ । (੨)
ਤਿਨ ਤੇ ਫਲ ਮੱਧਰੇ (ਮਿਠੇ) ਮੰਗਵਾਏ, ਉਤਮ ਔਰ ਅੰਨ ਅਨਿਵਾਏ । (੩)
ਕਰਨਾਨਿਧ ਕੇ ਧਰੇ ਅਗਾਰੀ, ਹਾਥ ਜੋਰ ਕਰ ਗਿਰਾ ਉਚਾਰੀ । (੪)
(ਨਾਨਕ ਪ੍ਰਕਾਸ਼ ਵਿਚੋਂ ਅਧਿਆ ੪੪)

ਗੁਰੂ ਜੀ ਇਕ ਰਾਖਸ਼ ਨੂੰ ਕਹਿੰਦੇ ਹਨ ਜਿਸ ਦੀ ਖੁਰਾਕ ਮਾਸ ਹੈ ਤੁਸੀਂ ਤਾਂ ਇਨਸਾਨ ਹੋ (ਅੰਨ ਖਾਣ ਵਾਲੇ) ।

**ਦੋਹਰਾ**

ਕਰਹੁ ਰਸੋਈ ਸੰਤ ਜੀ ਭੋਜਨ ਅਚਹੁ ਬਨਾਇ ।
ਸ਼ਰਧਾ ਪੂਰਨ ਕੀਜੀਏ ਸੁਨ ਸ੍ਰੀ ਗੁਰੂ ਅਲਾਏ । (੫)

**ਚੌਪਾਈ**

ਸੁਭ ਉਪਦੇਸ਼ ਜਿ ਲੇਹੁ ਹਮਾਰਾ, ਅਸਨ ਕਰੈ ਤਬ ਅੰਗੀਕਾਰਾ ।
ਧੌ ਨਹ ਤੁਮਰੋ ਖਾਇ ਕਦਾਪੀ, ਹੈ ਸਭ ਜੀਵਨ ਕੋ ਸੰਤਾਪੀ । (੬)
ਦੇਵ ਲੂਤ ਕਹਿ ਜਿਹ ਬਿਧਿ ਕਹਿਹੋ, ਸ੍ਰੀ ਪ੍ਰਭ ਜੀ ਤਿਸ ਬਿਧ ਮੈਂ ਰਹਿਹੋ ।
ਕਰਹੁ ਆਪ ਉਪਦੇਸਹਿ ਜੋਈ, ਮੁਨ ਕਰ ਕਰੋ ਕ੍ਰਿਤਿ ਮੈਂ ਸੋਈ । (੭)
ਭਾ: ਅਨਸਾਰਿ ਪਿਖਯੋ ਗੁਨਖਾਨੀ, ਕੁਮਤਿ ਕਦਨ ਕੋ ਬੋਲੇ ਬਾਨੀ ।

(ਭਾ:) ਪ੍ਰੇਮ ਅਨੁਸਾਰ ਗੁਨਾ ਦੀ ਖਾਨ ਗੁਰੂ ਜੀ ਨੂੰ ਦੇਖਕੇ ਕਿਹਾ ਕਿ ਤੁਸੀਂ ਸਾਡੇ ਵਿਚੋਂ ਕੁਮਤ ਕਢਣ ਵਾਸਤੇ ਸਾਡੇ ਭਲੇ ਵਾਸਤੇ ਹੀ ਕਹਿੰਦੇ ਹੋ :

ਪ੍ਰਿਥਮ ਤਜਹੁ ਆਮਿਖ ਕੋ ਖਾਨਾ, ਕਰਹੁ ਜਾਸ ਹਿਤ ਜੀਵਨ ਹਾਨਾ ।

ਪਹਿਲਾਂ ਸ਼ਿਕਾਰ ਕਰਕੇ ਮਾਰਨਾ ਖਾਣਾ ਛੱਡ, ਜਿਸ ਦੇ ਵਾਸਤੇ ਤੂੰ ਜੀਵਾਂ ਨੂੰ ਮਾਰਦਾ ਹੈ ।

ਸਿਮਰਹੁ ਬਹੁਰ ਨਾਮ ਸੁਖਦਾਈ· ਦਵੈ ਲੋਕਨ ਜੋ ਹੋਤ ਸਹਾਈ ।
ਚਿਰੰਕਾਲ ਭਾ ਤੁਮ ਕੁਲ ਮਾਹੀ, ਭਯੋ ਪ੍ਰਹਲਾਦ ਜਪਯੋ ਮੁਖ ਤਾਹੀ ।
ਕਿਹ ਅੱਘ ਤੇ ਰਾਖਸ਼ ਤਨ ਪਾਏ, ਅਬ ਕੁਕਰਮ ਜੋ ਲੇਹੁ ਕਮਾਏ । (੮)

ਜਿਹੜਾ ਪਾਪ ਕਰਨ ਤੋਂ ਤੂ ਰਾਖਸ਼ ਜੂਨ ਪਾਈ ਹੈ, ਸੋ ਮਾੜੇ ਕੰਮ ਹੁਣ ਛੱਡ ਦੇ ਕਰਨੇ ।

ਪਾਵਹੁ ਨਰਕ ਜਾਇ ਦੁਖ ਭਾਰੀ, ਤਿਹ ਤੇ ਕੋਇ ਨ ਸਕਹਿ ਉਬਾਰੀ ।
ਉਬਾਰੀ (ਛੁਡਾਇਗਾ)
ਕੌਤਕ ਦਿਨ ਤਹਿ ਰਹੇ ਗੁਸਾਂਈ, ਗੁਰ ਸਿਖੀ ਕੀ ਰੀਤ ਚਲਾਈ ।
ਸਭ ਰਾਖਸ਼ ਕੋ ਨਾਮ ਜਪਾਯੋ, ਆਮਿਖ ਖਾਨ ਤਿਨਹਿ ਤਜਵਾਯੋ । (੯)
ਜੀਆ ਘਾਤ ਕੀ ਬਾਨ, (ਆਦਤ) ਬਿਸਾਰੀ, ਸਤਿ ਸੰਗਤਿ ਕਰਹੀ ਸੁਖ ਭਾਰੀ ।
ਹਿੰਸਾ ਨਹੀਂ ਜੀਵ ਕੀ ਕੀਜੈ, ਸਤਿਗੁਰ ਜਾਪੁ ਜਪਹੁ ਦੁਖ ਛੀਜੈ ।

। ੧ਓ ਸਤਿਗੁਰੂ ਸ੍ਰੀ ਰਾਮ ਸਿੰਘ ਜੀ ਸਹਾਇ ।

## ਸ਼ੀਂਹੇ ਉਪਲ ਪਾਸੋਂ ਗੁਰੂ ਅੰਗਦ ਜੀ ਨੇ ਬਕਰੇ ਛਡਾਉਣੇ

ਇਕ ਦਿਨ ਸ੍ਰੀ ਅੰਗਦ ਗੁਰੂ ਰਾਮ ਨੇ ਗੋਇੰਦਵਾਲ—ਸੇਵਕ ਕੋ ਦਰਸ਼ਨ ਦੀਉ ਕੀਨੇ ਬਚਨ ਰਸਾਲ (ਸੀਹੇ ਉਪਲ ਨੂੰ ਗੁਰੂ ਅੰਗਦ ਜੀ ਦਾ ਉਪਦੇਸ਼)

(ਸ੍ਰੀ ਗੁਰ ਪ੍ਰਤਾਪ ਸੂਰਜ ਰਾਸ ੧-ਅੰਸ਼ ੨੬)

ਸਹਜ ਸੁਭਾਵਤ ਆਵਤ ਚਲੇ, ਮੱਗ ਮਹਿ (ਰਸਤੇ ਵਿਚ) ਸ਼ੀਹਾਂ ਉਪਲ ਮਿਲੇ ॥
ਦੇਖਤ ਹੀ ਪੱਗ ਬੰਦਨਿ ਕਰੀ, ਭਯੋ ਨਿੰਮ੍ਰ ਉਹ ਸ਼ਰਧਾ ਧਰੀ ॥੨॥
ਦੇਖਕੇ ਸ਼ੀਹੇ ਪੈਰਾਂ ਪੁਰ ਨਮਸਕਾਰ ਕੀਤੀ, ਨਿਮਰਤਾ ਨਾਲ ਸ਼ਰਧਾ ਧਾਰੀ ॥
ਇਕ ਸੌ ਛਾਂਗ ਸੰਗ ਤਹਿ ਅਹੇ, ਤਿਨ ਕਹੁ ਦੇਖਿ ਗੁਰੂ ਬਚ ਕਹੇ ॥

(ਛਾਂਗ-ਸ਼ੇਲੇ ਬਕੇ)

ਭੋ ਸੀਹਾਂ ਇਹੁ ਕਿਤੁ ਲਿਆਇ, ਕਿਉਂ ਕੀਨਸ ਇਨਕੋ ਸਮਦਾਇ ॥੩॥
ਕਰੇ ਕੀਤਾ ਸੁਨਕਰ ਜੋਰ ਕਹਯੋ ਬਿਰਤੰਤ, ਹੇ ਸ੍ਰੀ ਸਤਿਗੁਰ ਜੀ ਭਗਵੰਤ ॥
ਮੋਹ ਪੁਤਰ ਕੋ ਮੁੰਡਨ ਅਹੇ, ਬਡ ਉਤਸ਼ਾਹ ਕਰਯੋ ਹਮ ਚਹੈਂ ॥੪॥
ਮੇਰੇ ਪੁਤਰ ਦੀ ਬਰਸੀ ਸਿਰ ਮੁਨਨ ਦੀ ਇਸ ਬਿਧ ਕਰਨ ਐਹੇ ਬਿਵਹਾਰ ॥
ਆਵਹਿ ਆਮਿਖ ਕਰਹਿ ਆਹਾਰ ॥ ਮਾਸ ਵਢਕੇ ਖਾਣਾ ਹੈ ॥
ਸਦਾ ਜਨੇਰਨ ਰੀਤ ਹਮਾਰੇ, ਓਦਿਨ ਆਮਿਖ ਦੇਹਿ ਅਹਾਰੇ ॥
ਸਾਡੇ ਵਡਿਆਂ ਦਾ ਰਿਵਾਜ ਹੈ ॥ ਮਾਸ ਖਾਣਾ ॥
ਸੁਨ ਕਰ ਬਿਕਸੇ ਗੁਰੂ ਕ੍ਰਿਪਾਲ, ਭਲੇ ਕਰਨ ਹਿਤ ਕਹਿ ਤਿਸ ਕਾਲ ॥

ਭਾਵ ਸਤਿਗੁਰਾਂ ਹਸ ਕੇ ਕਿਹਾ ਕਿ ਉਸ ਵਕਤ ਤਾਂ ਭਲਾ ਕੰਮ ਕਰਨਾ ਚਾਹੀਦਾ ਹੈ ।
ਇਤਨੇ ਜੀਵਨ ਹਿੰਸਾ ਕਰੇ, ਪਾਪ ਬਿਸਾਲ ਅਪਨ ਸਿਰ ਧਰੇ । ਜੀਵ ਇਨੇ ਮਾਰਕੇ ਪਾਪ ਆਪਨੇ ਸਿਰ ਲਏਂਗਾ ।
ਅਬ ਤੌ ਸੁਗਮ (ਖੁਸੀ) ਜਾਨੀਅਹ ਕਰਬੇ, ਅਤ ਮਹਾਂ ਦੁਖ ਨਰਕਨ ਪਰਬੇ ।
ਦੇਹਿ ਸ਼ਾਸਨਾ ਜਮਕੇ ਦੂਤ, ਤਹਾਂ ਨ ਪਹੁੰਚੇ ਬੰਧਪ ਪੂਤ ॥੮॥

ਜਿਨਕੇ ਹਿਤ ਆਪ ਕਰਮ ਕਮਾਇ, ਤਹਾਂ ਨ ਰੰਚਕ ਹੋਇ ਸਹਾਇ ।

(ਇਨਾਂ ਮਿਤ੍ਰਾਂ ਉਥੇ ਸਹੈਤਾ ਨਹੀਂ ਕਰਨੀ)

ਪਾਪ ਕਰਮ ਸੁਖ ਭੋਗੈਂਗੇ ਸਗਰੇ ਲੋਕ, ਅੱਪਦਾ ਪਰਹਿ ਤੋਹਿ ਬਡ ਸ਼ੋਕ ॥੯॥
ਧਰਮਰਾਇ ਜਬ ਕਰਿ ਹੈ ਲੇਖਾ, ਲਹੈਂ ਮਹਾਂ ਦੁਖ ਰਹੇ ਨਾ ਸ਼ੇਖਾ ।
ਧਰਮਰਾਜ ਪਾਸ ਲਿਹਾਜ ਨਹੀਂ ਸੁਨਿ ਸੀਹੋਂ ਭੈ ਧਾਰ ਬਡੇਰੇ, ਕਹਯੋ ਕਰੋ ਜਸ ਆਦਿਸੁ ਤੇਰੇ ॥੧੦॥
ਸ਼ੀਂਹੇਂ ਨੇ ਡਰ ਮਨਿਆ । ਸ੍ਰੀ ਗੁਰ ਕਹਾ ਕਰੋ ਉਪਚਾਰ (ਪਛਤਾਵਾ ਮਾਫੀ ਮੰਗੇ) ਜਿਸ ਤੇ ਹੋਇ ਨ ਜੀਵ ਸੰਘਾਰ ।
ਜੀਵ ਹਤਿਆ ਨੀਕੀ ਬਾਤ ਆਪ ਮੁਝ ਕਹੋ, ਬਰ ਜਿਮ ਰਹੋਂ ਸੁ ਮੈਂ ਭੀ ਚਹੋ ॥੧੧॥

(ਆਪ ਚੰਗੀ ਮੇਰੇ ਭਲੇ ਦੀ ਕਹਿੰਦੇ ਹੋ ।)



Namdhari Elibrary NamdhariElibrary@gmail.com

ਆਪ ਸ਼ਕਤਿ ਧਰਿ ਹੋ ਸਮਰਥ, ਰਾਖਹੁ ਮੋਹਿ ਪ੍ਰਭੂ ਦਿਹੁ ਹਥ ।
(ਹਥ ਦੇਕੇ ਤੁਸੀਂ ਰਖੋ ਪਾਪ ਤੋਂ)

ਅਸ ਉਪਾਇ ਅਬਿ ਆਪ ਅਲਾਵੋ, ਆਪਨੋ ਸੇਵਕ ਜਾਨਿ ਬਤਾਵੋ ।
ਸ਼ੀਂਹੇ ਦੀ ਬੇਨਤੀ ਸੁਨਕੇ ਇਮ ਬੇਨਤੀ ਸੁਨਕੇ ਤਿਸ ਬੇਰੀ, ਭਏ ਕ੍ਰਿਪਾਲ ਭਨਯੋ ਬਚ ਫੇਰੀ ।

ਸਚੇ ਪਾਤਸ਼ਾਹ ਦਿਆਲ ਹੋਏ ।
ਅਜ ਖਲਾਸ ਤਿਸ ਛਿਨ ਸਭਿ ਕੀਨੇ, ਗੁਰ ਕੇ ਚਰਨ ਕੰਵਲ ਮਨੁ ਲੀਨੇ ।
(ਸਭ ਬਕਰੇ ਛੱਡ ਦਿੱਤੇ)
ਜਾਇ ਸਦਨ (ਘਰ ਜਾਕੇ) ਜੇਤਿਕ ਤਯਾਰੀ ਆਨਤ ਭਾ ਗੁਰ ਕਰੇ ਅਗਾਰੀ ।
(ਗੁਰੂ ਜੀ ਆਪ ਅਗੇ ਹੋ ਕੇ ਤਿਆਰੀ ਕੀਤੀ ਗੁਰ ਮਰਿਯਾਦਾ ਨਾਲ)
ਭਯੋ ਸਿਖ ਤਿਸੁ ਦਿਨ ਗੁਰ ਕੋ, ਸੇਵਹਿ ਚਰਨ ਭਾਉ ਕਰਿ ਉਰ ਕੋ ।,
ਦ੍ਰਿੜ ਪ੍ਰਤੀਤ ਕੀਨਸਿ ਗੁਰ ਓਰੀ, ਅਪਰ ਸਭਿਨਿ ਕੀ ਮਨਤਾ ਛੋਰੀ ।

ਸੀਹਾਂ ਅਗੋਂ ਵਾਸਤੇ ਮਾਸ ਖਾਣਾ ਛਡ ਗਿਆ । ਸੀਹਾਂ ਗੁਰੂ ਜੀ ਦਾ ਸਿਖ ਬਣ ਕੇ ਸਾਰਿਆਂ ਦੀ ਮਾਨਤਾ ਛੱਡ ਗਿਆ ।

## ਦਸਮ ਪਾਤ: ਸਿਖ ਧਰਮ ਸਾਜਨ ਦੇ ਵਕਤ ਵੀ ਪਹਿਲਾਂ ਦਇਆ ਨੂੰ ਮੁਖ ਰਖਿਆ

ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਸਿਖ ਧਰਮ ਦੀ ਸਾਜਨਾ ਕਰਨ ਲਗੇ ।
(ਧੌਲ ਧਰਮ ਦੈਯਾ ਕਾ ਪੂਤ)

ਗੁਰੂ ਨਾਨਕ ਦੀ ਬਾਣੀ ਨੂੰ ਮੁਖ ਰਖਿਆ । ਪੰਜਾਂ ਪਿਆਰਿਆਂ ਵਿਚੋਂ ਪਹਿਲਾਂ ਦਇਆਵਾਨ ਸਿਖ–ਭਾ: ਦਇਆ ਸਿੰਘ ਖੜਾ ਕੀਤਾ ਜੋ ਕਿ ਧਰਮ ਦੀ ਮਾਂ ਦਇਆ ਹੈ । ਬਾਦ ਵਿਚ ਧਰਮ (ਧਰਮ ਸਿੰਘ) ਲਿਆਂਦਾ । ਜਿਥੇ ਧਰਮ ਦਾ ਜ਼ਿਕਰ ਆ ਗਿਆ । ਭਾਵੇਂ ਦੁਨੀਆਂ ਦਾ ਕੋਈ ਵੀ ਧਰਮ ਹੈ ਸਾਰੇ ਹੀ ਦਇਆ ਦੇ ਪੁਤਰ ਦਇਆ (ਰਹਿਮਤ) ਵਿਚੋਂ ਪੈਦਾ ਹੋਏ । ਮਾਸ ਖਾਣ ਵਾਲੇ ਜੋ ਧਰਮ ਦੀ ਆੜ ਲੈਕੇ ਜਾਂ ਕਿਸੇ ਗੁਰੂ ਨੂੰ ਖਾਂਦਾ ਸਾਬਤ ਕਰਕੇ ਨਾ ਖਾਣ । ਇਹ ਕਹਿਣ ਕਿ ਮਾਸ ਖਾਣਾ ਗੁਰੂ ਦਾ ਹੁਕਮ ਨਹੀਂ ਹੈ । ਸਾਥੋਂ ਖਾਦੇ ਬਗੈਰ ਰਿਹਾ ਨਹੀਂ ਜਾਂਦਾ ਤਾਂ ਵੀ ਕੁਝ ਠੀਕ ਹੈ । ਕਈ ਭਾਈ ਏਦਾਂ ਵੀ ਗਿਆਨ ਗੋਸ਼ਟ ਕਰਦੇ ਹਨ ਕਿ ਸਾਡੇ ਤਾਂ ਹਿਰਦੇ ਵਿਚ ਭਗਵਾਨ ਵਸਦਾ ਹੈ । ਮਾਸ ਖਾ ਲਿਆ ਤਾਂ ਕੀ ਹੈ ? ਅਸੀਂ ਤਾਂ ਉਸ ਨੂੰ ਯਾਦ ਰਖਦੇ ਹਾਂ । ਭਾਈ ਤੇਰੇ ਹਿਰਦੇ ਵਿਚ ਜਿਥੇ ਭਗਵਾਨ ਹੈ ਉਥੇ ਹੀ ਤੂੰ ਹਿਰਦੇ ਵਾਲੇ ਜਾਨਵਰ ਨੂੰ ਮਾਰ ਕੇ ਖਾ ਕੇ ਪਾਉਂਦਾ ਹੈਂ-ਸੁਟਦਾ ਹੈਂ, ਉਹ ਤੇਰੇ ਅੰਦਰ ਬੈਠਾ ਭਗਵਾਨ ਕੀ ਤੇਰੇ ਤੇ ਖੁਸ਼ ਹੋਏਗਾ ? ਕੀ ਆਪਣ ਅੰਦਰ ਬੈਠੇ ਭਗਵਾਨ ਨੂੰ ਤੂੰ ਪੁਛ ਲਿਆ ਹੈ ? ਕੀ ਅੰਦਰ ਬੈਠੇ ਭਗਵਾਨ ਨੇ ਤੈਨੂੰ ਇਜਾਜ਼ਤ ਦੇਦਿਤੀ ਹੈ ।

ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੇ ਹੁਕਮਨਾਮੇ ਰਹਿਤ ਮਰਿਯਾਦਾ ਦੱਸ ਗਏ ਹਨ, ਕੀ ਦਸਦੇ ਹਨ ? ਇਹ ਰਹਿਤ ਮਰਿਯਾਦਾ ਦੇ ਹੁਕਮਨਾਮੇ ਜਿਆਦਾ ਪ੍ਰੇਮ ਸੁਮਾਰਗ ਗਰੰਥ ਵਿਚੋਂ ਮਿਲਦੇ ਹਨ :—

ਲੇ ਤੁਰਕਨ ਤੇ ਜੋ ਮਾਸ ਖਾਵੇ । ਬਿਨੁ ਗੁਰ ਸ਼ਬਦ ਵਚਨ ਜੋ ਗਾਵੇ । ਪਾਤ: ੧੦ ।

[ਕੁਠਾ-ਹੁਕਾ-ਚਰਸ-ਤਮਾਕੂ-ਇਨਕੀ ਓਰ ਨਾ ਕਬਹੂੰ ਦੇਖੈ । ਰਹਤਵੰਤ ਸੋ ਸਿੰਘ ਵਿਸੇਖੈ].

(੧) ਜਾਕੀ ਰਹਤੁ ਨਾ ਜਾਣੀਐ ਗੁਰਮੰਤ੍ਰ ਨਹੀਂ ਚੀਤੁ ।
ਤਿਨਕਾ ਭੋਜਨੁ ਖਾਇਕੇ ਵਿਸਰੈ ਹਰ ਸਿਉ ਪ੍ਰੀਤੁ ।
ਜਹਾਂ ਤਹਾ ਕਾ ਛਕੈ ਪ੍ਰਸਾਦਿ । ਸਿਖ ਨਹੀਂ ਮੇਰਾ ਆਦਿ ਜੁਗਾਦਿ ।

(੨) ਸ੍ਰੀ ਹਜੂਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਅੰਗੀਠੇ ਅੰਦਰ ਦਾ ਗਰੰਥੀ ਲੰਗਰ ਵਿਚੋਂ ਪ੍ਰਸ਼ਾਦਾ ਨਹੀਂ ਛਕਦਾ । ਉਸਨੂੰ ਪੁਛਿਆ—ਕਿਉਂ ਨਹੀਂ ਛਕਦਾ ? ਉਥੇ ਤਾਂ ਮਾਸ ਨਹੀਂ ਬਣਦਾ । ਉਸ ਨੇ ਦਸਿਆ ਕਿ ਜਿਹੜੇ ਮਾਸ ਖਾਣ ਵਾਲੇ ਸੇਵਾਦਾਰ ਲੰਗਰ ਵਿਚ ਸੇਵਾ ਕਰਦੇ ਹਨ, ਉਨ੍ਹਾਂ ਮਾਸ ਖਾਣ ਵਾਲਿਆਂ ਦਾ ਲੰਗਰ ਨੂੰ ਹੱਥ ਲਗਦਾ ਹੈ। ਜੇ ਮੈਂ ਖਾਵਾਂ ਤਾਂ ਗੁਰੂ ਜੀ ਵਲੋਂ ਮੈਨੂੰ ਸਜ਼ਾ ਮਿਲਦੀ ਹੈ ।

(੩) ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਨੈਣਾਂ ਦੇਵੀ ਹਵਨ ਅਰੰਭ ਕਰਨ ਤੋਂ ਪਹਿਲਾਂ ਪੰਡਤਾਂ ਦੀ ਪ੍ਰੀਖਿਆ ਲਈ ਸੀ ਕਿ ਜੋ ਪੰਡਤ ਸਾਤਕੀ ਭੋਜਨ (ਮਾਸ ਤੋਂ ਬਗੈਰ) ਪ੍ਰਸ਼ਾਦਾ ਛਕੇਗਾ ਉਸ ਨੂੰ ਅਸੀਂ ਇਕ ਮੁਹਰ ਦੱਛਣਾ ਦਿਆਂਗੇ ਅਤੇ ਜੋ ਮਾਸ ਖਾ ਸਕੇਗਾ ਉਸ ਨੂੰ ਪੰਜ ਮੁਹਰਾਂ ਦੱਛਣਾ ਦਿਤੀ ਜਾਏਗੀ। ਮਾਸ ਖਾਣ ਲਈ ਦੌ-ਢਾਈ ਸੌ ਪੰਡਿਤ ਤਿਆਰ ਹੋ ਗਏ । ਵੈਸ਼ਨੂੰ ਖਾਣਾ ਖਾਣ ਵਾਲੇ ਪੰਜ ਕੁ ਨਿਕਲੇ । ਸੱਚੇ ਪਾਤਸ਼ਾਹ ਨੇ ਲਾਲਚੀ ਅਤੇ ਆਪਣੇ ਧਰਮ ਤੋਂ ਗਿਰੇ ਹੋਏ ਬ੍ਰਾਹਮਣਾਂ ਨੂੰ ਧੱਕੇ ਮਾਰ ਕੇ ਬਾਹਿਰ ਕੱਢ ਦਿੱਤਾ । ਉਸ ਗੁਰੂ ਗੋਬਿੰਦ ਸਿੰਘ ਬਾਰੇ ਅਸੀਂ ਕਹਿੰਦੇ ਹਾਂ ਕਿ ਉਨ੍ਹਾਂ ਮਾਸ ਖਾਣ ਦੀ ਖੁਲ੍ਹ ਦਿਤੀ ਜਾਂ ਸਾਨੂੰ ਮਨ੍ਹਾ ਨਹੀਂ ਕੀਤਾ ।

ਸੋ ਦਸਮ ਪਾਤਸ਼ਾਹਜੀ ਦੇ ਸਿੱਖ ਅਖਵਾਉਣ ਵਾਲਿਆਂ ਵੀਰਾਂ ਨੂੰ ਚਾਹੀਦਾ ਹੈ ਕਿ ਅੱਜ ਤਾਈਂ ਜੋ ਉਨ੍ਹਾਂ ਦੀ ਸਮਝ ਵਿਚ ਗੱਲ ਨਹੀਂ ਆਈ ਤਾਂ ਹੁਣ ਦਸਮ ਪਾਤਸ਼ਾਹ ਪਾਸੋਂ ਭੁੱਲ ਬਖਸ਼ਾਉਣ । ਅਗੇ ਵਾਸਤੇ ਮਾਸ, ਸ਼ਰਾਬ ਅਤੇ ਤੰਬਾਕੂ ਦਾ ਪੂਰਨ ਤਿਆਗ ਕਰਕੇ, ਪ੍ਰਣ ਕਰਕੇ ਮੁੜ ਅੰਮ੍ਰਿਤ ਪਾਨ ਕਰਨ ।

ਹੁਣ ਤਾਂ ਕੁਝ ਕਹਿ ਨਹੀਂ ਸਕਦੇ ਅਜ ਤੋਂ ਦਸ ਕੁ ਸਾਲ ਪਹਿਲਾਂ ਆਮ ਤੌਰ ਤੇ ਅੰਮ੍ਰਿਤ ਛਕਾਉਣ ਵੇਲੇ ਕਿਹਾ ਜਾਂਦਾ ਸੀ ਕਿ ਝਟਕਾ ਖਾ ਸਕਦੇ ਹੋ ਜਾਂ ਝਟਕਾ ਸਿਖ ਨੂੰ ਜ਼ਰੂਰ ਖਾਣਾ ਚਾਹੀਦਾ ਹੈ। ਇਹ ਗੱਲ ਸੁਨਣ ਵਿਚ ਆਈ ਸੀ ਕਿ ਅੰਮ੍ਰਿਤਸਰ ਵਿਚ ਝਟਕਿਆਂ ਦੀਆਂ ਦੁਕਾਨਾਂ ਖੋਲ੍ਹਣ ਵਾਸਤੇ ਪੰਜਾਬ ਕੌਂਸਲ ਵਿਚ ਝਟਕਾ ਬਿਲ ਪੇਸ਼ ਕੀਤਾ ਗਿਆ ਸੀ ਤਾਂ ਇਤਿਹਾਸਕ ਸਬੂਤ ਦੇਣ ਵਾਸਤੇ ਇਕ ਬੁਕ—ਪੁਸਤਕ ਵੀ ਝਟਕਾ ਪ੍ਰਕਾਸ਼—ਛਾਪੀ ਗਈ ਸੀ ਕਿ ਸਿਖ ਧਰਮ ਵਿਚ ਮਾਸ ਖਾਣਾ ਜਾਇਜ਼ ਹੈ ਅਤੇ ਆਪਣੇ ਗੁਰੂਆਂ ਦੇ ਨਾਂ ਤੇ ਵੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬੰਦੂਕ ਨਾਲ ਬਕਰੀ ਮਾਰੀ ਅਤੇ ਪੰਜ ਪਿਆਰਿਆਂ ਦੇ ਥਾਂ ਬਕਰੇ ਝਟਕੇ ਸਨ ਲਿਖੇ ਗਏ । ਕਿਤੇ ਬਕਰੇ ਹੀ ਪਿਆਰੇ ਪੰਜ ਤਾਂ ਨਹੀਂ ਸੀ ਚੁਣਨੇ । ਜ਼ਰਾ ਉਹਨਾਂ ਵੀਰਾਂ ਦੀ ਸਮਝ 'ਤੇ ਕੁਝ ਵਿਚਾਰ ਕਰੀਏ ਕਿ ਸਿਖ ਧਰਮ ਦੀ ਸਿਰਜਣਾ ਵੇਲੇ ਹੀ ਇਹ ਕੰਮ ਕਰਨਾ ਸੀ। ਧੌਲ ਧਰਮ ਦਯਾ ਦਾ ਪੂਤ—ਗੁਰੂ ਨਾਨਕ ਜੀ

ਦੇ ਆਸ਼ੇ ਤੋਂ ਉਲਟ। ਫਿਰ ਪੰਥ ਦੀ ਨੀਂਹ ਰੱਖਣ ਵੇਲੇ ਜਿਸ ਪੰਥ ਨੇ ਧਰਮ ਯੁੱਧ ਕਰਨੇ ਹਨ ਅਤੇ ਗਊ-ਗਰੀਬ ਦੇਸ਼ ਦੀ ਰੱਖਿਆ ਕਰਨੀ ਹੈ। ਕੀ ਮਾਸ ਖਾਣ ਵਾਲੇ ਭਾਈ ਬਕਰਾ ਵੱਢਣ ਵੇਲੇ ਪੰਥ ਦੀ ਸਿਰਜਨਾ ਕਰਨ ਲਗੇ ਹਨ।

ਆਮ ਵਿਚਾਰ—ਇਕ ਦਫਾ ਮੁਸਲਮਾਨ ਮੌਲਵੀਆਂ ਦੀ ਸਿਖੀ ਬਾਰੇ ਇਕ ਨਾਮਧਾਰੀ ਪ੍ਰਚਾਰਕ ਨਾਲ ਬਹਿਸ ਚਲੀ ਕਿ ਅਸੀਂ ਜੋ ਕਲਮਾਂ ਪੜ੍ਹਕੇ ਪਸ਼ੂ-ਪੰਛੀਆਂ ਨੂੰ ਹਲਾਲ ਕਰਦੇ ਹਾਂ ਉਹ ਜੀਵ ਸਿਧੇ ਬਹਿਸ਼ਤਾਂ ਨੂੰ ਜਾਂਦੇ ਹਨ। ਤਾਂ ਸਿਖ ਵਿਦਵਾਨ ਵਲੋਂ ਜਵਾਬ ਮਿਲਿਆ ਕਿ ਭਾਈ ਕੀ ਤੁਸੀਂ ਉਸ ਜਿਬਾ ਕਰਨ ਵਾਲੇ ਜੀਵ ਨੂੰ ਪੁਛ ਲਿਆ ਹੈ ਕਿ ਉਹ ਆਪਣੀ ਜੂਨ ਛੱਡ ਕੇ ਬਹਿਸ਼ਤਾਂ ਨੂੰ ਜਾਣਾ ਚਾਹੁੰਦਾ ਹੈ ਕਿ ਨਹੀਂ ? ਜੇਕਰ ਇਹ ਗਲ ਠੀਕ ਹੈ, ਤਾਂ ਫਿਰ ਪਹਿਲਾਂ ਤੁਸੀਂ ਆਪਣੇ ਪ੍ਰਵਾਰ—ਬੱਚਿਆਂ, ਮੁੰਡਿਆਂ ਕੁੜੀਆ ਨੂੰ ਬਹਿਸ਼ਤ ਨੂੰ ਭੇਜੋ। ਇਥੇ ਉਹ ਕੀ ਕਰਦੇ ਨੇ ? ਬਹਿਸ਼ਤ ਚ ਤਾਂ ਸਾਰੇ ਹੀ ਸੁਖ ਹਨ। ਕੰਮ ਕਰਨਾ ਨਹੀਂ ਪੈਂਦਾ, ਰੋਟੀ ਪਕਾਉਣੀ ਨਹੀਂ ਪੈਂਦੀ। ਨਾ ਗਰਮੀ ਨਾ ਸਰਦੀ, ਨਾ ਰਾਤ ਨਾ ਦਿਨ ਅਤੇ ਫਲ ਚੰਗੇ ਤੋਂ ਚੰਗੇ ਖਾਣ ਨੂੰ ਮਿਲਦੇ ਹਨ ਅਤੇ ਔਰਤਾਂ ਵੀ ਮਿਲਦੀਆਂ ਹਨ। ਜੇ ਤੁਸੀਂ ਜਾਂ ਤੁਹਾਡੇ ਕਿਸੇ ਪ੍ਰਵਾਰ ਦੇ ਬੰਦੇ ਦੀ ਮੌਤ ਐਸੇ ਥਾਂ ਆਈ ਜਿਥੇ ਕੋਈ ਕਲਮਾ ਪੜ੍ਹਨ ਵਾਲਾ ਨਾ ਮਿਲਿਆ—ਉਹ ਤਾਂ ਬਹਿਸ਼ਤਾਂ ਤੋਂ ਵਾਂਝਾ ਰਹਿ ਗਿਆ। ਕਹਿੰਦੇ ਹਨ ਕਿ ਇਕ ਪੰਡਤ ਦਾ ਮਾਸ ਖਾਣ ਨੂੰ ਦਿਲ ਕੀਤਾ ਤਾਂ ਉਸਨੇ ਕਿਸੇ ਪਾਸੋਂ ਮਾਸ ਰਿਨ੍ਹਾਕੇ ਮੰਗਵਾ ਲਿਆ। ਹੁਣ ਸੋਚਦਾ ਖਾਵਾਂ ਕਿਥੇ ? ਬਾਹਰ ਕੋਈ ਦੇਖੇਗਾ। ਤਾਂ ਉਸਨੇ ਮੰਦਰ ਦੇ ਅੰਦਰ ਹੀ ਦਰਵਾਜ਼ੇ ਬੰਦ ਕਰਕੇ ਖਾਣ ਦਾ ਮਨ ਬਣਾ ਲਿਆ। ਭਾਈ ਇਥੇ ਵੀ ਭਗਵਾਨ ਦੀ ਮੂਰਤੀ ਦੇਖਦੀ ਹੈ। ਤਾਂ ਉਸਨੇ ਮੂਰਤੀ ਦੀਆਂ ਅੱਖਾਂ, ਨੱਕ, ਮੂੰਹ, ਬੰਨ ਦਿਤਾ। ਜਦ ਮਾਸ ਦੀ ਬੁਰਕੀ ਮੂੰਹ ਵਿਚ ਪਾਉਣ ਲੱਗਾ ਤਾਂ ਭਗਵਾਨ ਜੀ ਪ੍ਰਤੱਖ ਹੋ ਕੇ ਮੂਰਤੀ ਵਿਚੋਂ ਹੱਸ ਪਏ। ਪੰਡਤ ਹੋਰੀਂ ਮਾਸ ਛੱਡ ਕੇ ਮੂਰਤੀ ਅੱਗੇ ਖੜੇ ਹੋ ਗਏ ਕਿ ਭਗਵਾਨ ਜੀ ਮੈਨੂੰ ਬਖਸ਼ੋ ਪਰ ਇਹ ਤਾਂ ਦਸੋ ਕਿ ਅੱਜ ਤਾਈਂ ਮੇਰੀ ਸਾਰੀ ਜ਼ਿੰਦਗੀ ਤੁਹਾਡੀ ਸੇਵਾ ਕਰਦਿਆਂ ਹੀ ਲੰਘੀ ਤੇ ਤੁਸੀਂ ਅੱਜ ਪ੍ਰਤੱਖ ਹੋ ਕੇ ਹੱਸੇ ਉਹ ਵੀ ਮਾਸ ਖਾਣ ਲਗਿਆਂ। ਤਾਂ ਭਗਵਾਨ ਜੀ ਨੇ ਕਿਹਾ ਭਲੇ ਲੋਕ ਅੱਜ ਹੀ ਤਾਂ ਤੂੰ ਮੈਨੂੰ ਪ੍ਰਤੱਖ ਕਰਕੇ ਜਾਣਿਆ ਹੈ।

## ਭਾਈ ਤਿਲੋਕੇ ਨੂੰ ਉਪਦੇਸ਼ ਪਾਤਸ਼ਾਹੀ-੬

ਗੁਰ ਬਿਲਾਸ ਭਾਈ ਸੁਖਾ ਸਿੰਘ ਪਾਤ:-੬ ਅਧਿਆਇ ੯—ਛੰਦ-੯੯।

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰ ਗੋਬਿੰਦ ਜੀ ਇਕ ਦਿਨ ਸਿੱਖਾਂ ਪ੍ਰਤੀ ਉਪਦੇਸ਼ ਕਰ ਰਹੇ ਸਨ—ਕਿ ਹਰ ਪ੍ਰਾਣੀ ਦਾ ਫਰਜ਼ ਬਣਦਾ ਹੈ ਕਿ ਉਹ ਜੀਵਾਂ ਉੱਤੇ ਦਯਾ ਕਰੇ। ਉਸ ਵਕਤ ਗਜ਼ਨੀ ਦੇ ਰਾਜੇ ਦੇ ਨੌਕਰ, ਗੁਰੂ ਘਰ ਦੇ ਸੇਵਕ ਭਾਈ ਤਿਲੋਕੇ ਨੇ ਇਹ ਉਪਦੇਸ਼ ਸੁਣ ਕੇ ਹਿਰਦੇ ਵਿਚ ਵਸਾ ਕੇ ਪ੍ਰਣ ਕਰ ਲਿਆ ਕਿ ਅੱਜ ਤੋਂ ਜੀਵ ਹੱਤਿਆ ਬਿਲਕੁਲ ਨਹੀਂ ਕਰਾਂਗਾ।

ਸਚੇ ਪਾਤਸ਼ਾਹ ਫਰਮਾਇਆ—

ਗੁਰ ਕਿਹਾ ਸਤਿਨਾਮ ਰਿਦੁ ਧਾਰੋ। ਸਭ ਜੀਅਨ ਪਰ ਦਯਾ ਬਿਚਾਰੋ।

। ੧ਓ ਸਤਿਗੁਰੂ ਸ੍ਰੀ ਰਾਮ ਸਿੰਘ ਜੀ ਸਹਾਇ ।

ਦੋਹਰਾ— ਸਰਬ ਭੂਤ ਆਤਮ ਪਿਖੋ । ਕਿਸੀ ਦੁਖਾਵੇ ਨਾਹਿ ।
ਯਾ ਸਮ ਧਰਮ ਨਾ ਹੋਰ ਹੈ । ਧਰੋ ਸਤਿ ਰਿਦ ਮਾਹਿ ।

ਭਾਈ ਤ੍ਰਿਲੋਕਾ ਵਾਪਸ ਆਪਣੀ ਨੌਕਰੀ ਤੇ ਚਲਾ ਗਿਆ । ਇਕ ਦਿਨ ਨਵਾਬ ਆਪਣੇ ਨੌਕਰਾਂ ਸਮੇਤ ਭਾਈ ਤ੍ਰਿਲੋਕੇ ਨਾਲ ਸ਼ਿਕਾਰ ਨੂੰ ਗਏ ਤਾਂ ਭਾਈ ਤ੍ਰਿਲੋਕੇ ਦੇ ਅੱਗੋਂ ਦੀ ਇਕ ਗਰਭਵਤੀ ਹਿਰਨੀ ਦੌੜੀ । ਭਾਈ ਜੀ ਨੂੰ ਮਗਰ ਘੋੜਾ ਦੜਾਉਣਾ ਪਿਆ ਜੋ ਭਾਈ ਜੀ ਦੀ ਤਲਵਾਰ ਨਾਲ ਹਿਰਨੀ ਦਾ ਅੰਤ ਹੋਇਆ । ਦੋ ਬੱਚੇ ਹਿਰਨੀ ਦੇ ਪੇਟ ਵਿਚੋਂ ਫੁੜਕ ਕੇ ਮਰ ਗਏ । ਭਾਈ ਜੀ ਨੂੰ ਇਹ ਦੇਖਦਿਆਂ ਹੀ ਗੁਰੂ ਉਪਦੇਸ਼ ਯਾਦ ਆ ਗਿਆ ।

ਇਸ ਵਿਰਤਾਂਤ ਨੂੰ ਗੁਰ ਬਿਲਾਸ ਵਿਚ ਲਿਖਿਆ—

ਤਿਲੋਕੇ ਤਮਕਾ ਤੇਗ ਤਹਿ ਝਾੜੀ । ਗਰਭ ਸਹਿਤ ਮ੍ਰਿਗਨੀ ਮਾਰੀ ।
ਤਾਹਿ ਉਦਰ ਤੇ ਬਚੇ ਗਿਰਾਏ । ਨਿਕਸ ਬਾਹਰ ਤੇ ਪ੍ਰਾਨ ਤਜਾਏ ।
ਤਿਲੋਕਾ ਦਿਖ ਬਿਸਮੈ ਭਯੋ । ਨਿਜ ਮਨ ਧ੍ਰਿਗੈ ਉਚਾਰਾ ।
ਗੁਰ ਕਾ ਬਚਨ ਬਿਸਾਰਿਓ । ਰੇ ਜੜ ਮੂੜ ਗਵਾਰਾ । ੯੫ ।
ਗੁਰ ਕਾ ਬਚਨ ਦਯਾ ਰਿਦ ਧਾਰੋ । ਸਰਬ ਜੀਵ ਆਤਮ ਦਿਸਟਾਰੋ ।
ਸੋ ਵਿਸਾਰ ਭੈ ਮਨ ਤੇ ਦੀਨਾ । ਭੂਲ ਕਰੀ ਹਿੰਸਾ ਕੋ ਕੀਨਾ ।।
ਤਾਂਤੇ ਤੇਗ ਰਖੋ ਨਹਿ ਪਾਸਾ । ਹੇਵਰ ਤੇਗ ਜੀਵ ਹੋਇ ਨਾਸਾ ।
ਕਾਸਟ ਤੇਗ ਮਿਆਨ ਮੱਧ ਡਾਰੀ । ਮੂਠ ਲੋਹ ਕੀ ਸਾਬ ਸਵਾਰੀ ।

ਭਾਈ ਤਿਲੋਕੇ ਨੇ ਆਪਣੀ ਤੇਗ ਲਕੜੀ ਦੀ ਰੱਖ ਲਈ । ਕਿਸੇ ਨੇ ਸ਼ਕਾਇਤ ਕਰ ਦਿਤੀ । ਨਵਾਬ ਨੇ ਸਾਰੇ ਨੌਕਰਾਂ ਦੀਆਂ ਤਲਵਾਰਾਂ ਦੇਖਣੀਆਂ ਸ਼ੁਰੂ ਕਰ ਦਿੱਤੀਆਂ । ਭਾਈ ਤਿਲੋਕਾ ਆਪਣੇ ਮਾਲਕ ਸਤਿਗੁਰੂ ਨੂੰ ਯਾਦ ਕਰਦਾ ਹੈ । ਹੇ ਸਤਿਗੁਰ ! ਮੇਰੀ ਲਾਜ ਰੱਖਣੀ । ਭਾਈ ਤਿਲੋਕੇ ਦੀ ਵਾਰੀ ਆਉਣ ਤੇ ਜਿਹੜਾ ਨਾਮ ਆਪਣੇ ਸਤਿਗੁਰੂ ਪਾਸੋਂ ਲਿਆ ਸੀ, ਉਚਾਰਨ ਕਰਕੇ ਤੇਗ ਮਿਆਨ ਵਿਚੋਂ ਕੱਢੀ—

ਸਤਿਨਾਮ ਕਹਿ ਤੇਗ ਨਿਕਾਰੀ । ਉਤਮ ਅਸ ਜਿਹ ਕੀਮਤ ਭਾਰੀ ।
ਤਿਲੋਕੇ ਦਿਖ ਧੰਨ ਗੁਰ ਕਹਾ । ਮੁਗਲ ਤੇਗ ਦਿਖ ਬਡ ਸੁਖ ਲਹਾ ।

ਭਾਈ ਤਿਲੋਕੇ ਦੀ ਤਲਵਾਰ ਸਾਰਿਆਂ ਨਾਲੋਂ ਸੋਹਣੀ, ਲੋਹੇ—ਫੌਲਾਦ ਦੀ ਤਿਖੀ ਚਮਕਦੀ ਦਿਸੀ । ਇਸ ਤੋਂ ਬਾਦ ਭਾਈ ਤਿਲਕਾ ਸਤਿਗੁਰਾਂ ਦੇ ਦਰਸ਼ਨ ਨੂੰ ਆਇਆ ।

ਸਤਿਗੁਰਾਂ ਫਰਮਾਇਆ—

ਸ੍ਰੀ ਗੁਰ ਕਹਾ ਦੇਖਯਾ ਅਸ ਭਾਈ । ਦਯਾ ਦੇਖ ਗੁਰ ਕਰੈ ਸਹਾਈ ।

## ਹੁਕਮ ਨਾਮੇ ਸਤਿਗੁਰੂਆਂ ਦੇ

(ਸਿੱਖ ਇਤਿਹਾਸ ਰੀਸਰਚ ਬੋਰਡ ਦੀਆਂ ਲਾਇਬਰੇਰੀਆਂ ਵਿਚੋਂ)

(ੳ) ਨੰ: ੬ ਹੁਕਮ ਨਾਮਾ ਪਾਤਸ਼ਾਹੀ-੬

ਕਰਤਾਰ ਕਰਤਾਰ ਵਾਚਣੀ ਗੁਰੂ: ਤੁਸਾਡੀ ਲੱਜ ਰਖੇਗਾ ।


Namdhari Elibrary NamdhariElibrary@gmail.com

। ੧ੳ ਸਤਿਗੁਰੂ ਸ੍ਰੀ ਰਾਮ ਸਿੰਘ ਜੀ ਸਹਾਇ ।

ਗੁਰੂ ਗੁਰੂ ਜਪਨਾ ਜਨਮ ਸਵਰੂ ਸੰਗਤ ਦੀ ਕਾਮਨਾ ਪੂਰੀ ਕਰੇਂਗੇ ।

ਸੰਗਤੀ ਦਾ ਰੁਜਗਾਰ ਹੋਗਾ । ਇਖਦਾਸੀ ਰਹਣਾ । ਮਾਸ ਮਛੀ ਦੇ ਨੇੜੇ ਨਹੀਂ ਜਾਵਣਾ । ਸੰਗਤ ਦੀ ਚੀਰੀ-(ਚਿਠੀ) ਪਹੁਤੀ-ਹਕੀਕਤ-(ਹਾਲ-ਚਾਲ) ਸਭ ਮਲੂਮ ਹੋਈ । ਸੰਗਤ ਦੀ ਮਨਸਾ ਪੂਰੀ ਹੋਗ । ਗੁਰੂ ਦੀ ਆਗਿਆ ਹੋਈ । ਸੰਗਤ ਸਰਬਤਿ ਇਕਮ-ਜੁਤ -- (ਇਤਫਾਕ ਨਾਲ-ਕਠੇ) ਰਹੇ ਤਿਵੇਂ ਰਹਣਾ । ਜਾਪੇ ਗੁਰਦਾਸ ਨਾਲ ਲਗ ਰਹਣਾ—(ਮਿਲਕੇ ਰਹਣਾ ਭਾਈ ਗੁਰਦਾਸ ਜੀ ਨਾਲ) ਕਾਰਵਾਰ ਇਹਨਾਂ ਨੂੰ ਦੇਂਦਿਆਂ ਰਹਣਾ—ਸੰਗਤ ਉਪਰ ਗੁਰੂ ਦੀ ਖਰੀ ਖੁਸ਼ੀ ਹੋਇ । ਸੰਗਤੀ ਦਾ ਰੁਜਗਾਰ ਹੋਗਾ—(ਕਾਰੋਬਾਰ ਚਲੇਗਾ) ਸੰਗਤਿ ਆਪ ਵਿਚ ਇਕਤੁ ਕਰਣਾ । ਸੰਗਤੀ ਦੀ ਖਰੀ ਖੁਸ਼ੀ—ਗੁਰੂ ਦੀਨਾ ਦੇ ਹੋਂਦੇ ਹਇ । ਸਭ ਮੇਰੇ ਪੁਤ ਹੈਨ—ਸਭਨਾਂ ਇਕ ਤੇ ਜੀਐ ਹੋਣਾ । ਅਗੇ ਕਾਰਵਾਰ ਲੇਦੀ—(ਅਹਦੀਆ—ਹਲਕਾਰਾ-ਚਿਠੀ ਪਹੁਚਾਨ ਵਾਲਾ ਨੌਕਰ-ਸੇਵਾਦਾਰ) ਹਥ ਲਿਖ ਭੇਜਾ । ਹਇ—ਉਹ ਸੱਭਾ (ਸਾਰੀ) ਕਾਰ ਕਰਿ ਭੇਜਣੀ । ਇਲਾਚੇ ਮਲਿ ਮਲਮਣਦਹ ।

(ਅ) ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ ਹਇ । ਉਪਰੰਤ ਗੁਰੂ ਦੀ ਆਗਿਆ ਹੁਇ । ਭਾਈ ਜਾਪੂ—ਭਾਈ ਗੁਰਦਾਸ ਤੁਸਾਂ ਸਭਨਾ ਰਲਕੇ ਸਾਰੇ ਪੂਰਬ ਦੀ ਕਾਰ ਕਰਣੀ । ਜਿਸਦਾ ਰੁਪੈਆ ਗੁਰੂ ਦੀ ਕਾਰ ਵਿਚ ਪੌਗ (ਪਏਗਾ) ਤਿਸਦਾ ਗੁਰੂ ਦੀ ਦਰਗਾਹ ਥਾਇ ਪਵਗੁ ਤਿਸ ਨੂੰ ਕਦੇ ਕਿਛੁ ਥੁੜ ਨ ਹੋਸ (ਹੋਇਗੀ) ਉਦੇ ਹਵਾਲ ਸਵ ਕੀ ਹੋਇ (ਉਹ ਸਵਾਈ ਹੋ ਜਾਇਗੀ) ਰੁਪੈਯੇ ਅਦਿ ਸਭ ਦੀ ਹੁੰਡੀ ਕਰ ਭੇਜਣੀ । ਪੰਦਰਹ ਜੋੜੇ ਮੇਨੂੰ ਸਵਾਇ ਭੇਜਣਾ । ਪੰਦਰਹ ਬਾਬਾ ਜੀਊ ਨੂੰ ਸਵਾਇ ਭੇਜਣਾ । ਗੁਰੂ ਗੁਰੂ ਜਪਣਾ ਜਨਮ ਸਵਰੂ । ਇਥੇ ਤੁਸਾਂ ਬਹੁਤ ਮਾਣ ਕਰਣਾ ਢਿਲ ਨਹੀਂ ਕਰਣੀ । ਆਖਨ ਸੁ ਕਰਣਾ ।

(ਏ) ਹੁਕਮਨਾਮਾ ਪਾਤਸ਼ਾਹੀ ੬—ਪੰਨਾ ੧੫ ਸ੍ਰੀ ਗੁਰੂ ਹਰ ਗਬਿੰਦ ਜੀ ।
ਭਾਈ ਜਾਪੂ—ਭਾਈ ਗੁਰਦਾਸ-ਭਾਈ ਮੁਰਾਰਿ-ਭਾਈ ਦਿਆਲਾ ।

ਗੁਰੂ ਗੁਰੂ ਜਪਨਾ-ਜਨਮ ਸਵਰੂ । ਸੰਗਤ ਦੀ ਖਾਮਨਾ ਪੂਰੀ ਹੋਗ । ਸੰਗਤੀ ਦਾ ਰੁਜਗਾਰ ਹੋਗ । ਸੰਗਤੀ ਕੀ ਕਾਰਜੋ ਲੇਹਗਾ । ਗੁਰੂ ਦੀ ਆਗਿਆ ਹਇ ਕੀਰਤਨ ਕਰਣਾ । ਇਕ ਦਾਸ ਭਲੀ ਜੁਗਤ ਰਹਣਾ । ਮਾਸ ਮਛੀ ਦੇ ਨੇੜੇ ਨਹੀਂ ਆਵਣਾ ।

(ਸ) ਗੁਰਦੁਆਰਾ ਬੈਣੀ ਸੰਗਤਿ-ਪਟਨਾ ਸਾਹਿਬ ਵਿਚ ਇਕ ੧੭੫੪ ਦੇ ਲਿਖੇ ਪਾਤਸ਼ਾਹੀ-੧੦ । ਨੰ: ੧੦੨੨, ਸਿੱਖ ਰੈਫਰੈਂਸ ਲਾਇਬਰੇਰੀ ਬੜੀ ਸੰਗਤ ਬਨਾਰਸ ਦੇ ਤੋਸ਼ੇਖਾਨੇ ਵਿਚ ਸਾਖੀ ਮ: ੫—ਇਕ ਗਰੰਥ ਸਾਹਿਬ-ਸਿਰੋਲਾ ਨੂੰ ੬੨੯੧ ਦੇ ਪਤਰ. ਪ੨੪/੨ ਲਿਖਿਆ ਪਾਠ ।

੧ੳ ਸਤਿਗੁਰ ਪ੍ਰਸਾਦਿ ।

ਗੁਰੂ ਬੋਲਿਆ—(ੳ) ਪੰਜ ਕੰਮ ਕਰੇ-ਪੰਜ ਨਾ ਕਰੇ ।
ਇਹ ਪੰਜ ਕੰਮ ਨਾ ਕਰੇ ।

(੧) ਪਰ ਦਰਬ ਨਾ ਹਿਰੇ । (੨) ਪਰਾਈ ਇਸਤ੍ਰੀ ਨਾ ਰਵੇ



Namdhari Elibrary NamdhariElibrary@gmail.com

(੩) ਪਰਾਈ ਨਿੰਦਾ ਨਾ ਕਰੇ ।     (੪) ਜੂਆ ਨਾ ਖੇਲੈ ।

(੫) ਮੱਦ-ਮਾਸ ਨਾ ਖਾਇ । ਭਾਵ-ਮੱਦ (ਸ਼ਰਾਬ) ਮਾਸ ਨਾ ਖਾਏ ।

ਇਹ ਪੰਜ ਕੰਮ ਕਰੇ ।

(੧) ਸੰਗਤ ਨਿਤ ਜਾਵੇ ਪ੍ਰਸਾਦ ਲੈ ਕੇ ।

(੨) ਆਰਤੀ-ਕੀਰਤਨ ਸੁਣੇ ।

(੩) ਅਰਥੀ (ਲੋੜਵੰਦ-ਗਰੀਬ, ਨਿਮਾਣੇ) ਨੂੰ ਦੇਵੇ ।

(੪) ਪਰਉਪਕਾਰ ਕਰੇ, ਦੋਯਾ ਕਰੇ ।

(੫) ਆਗਿਆ ਭੰਗ ਨਾ ਕਰੇ, ਪੰਜ ਕੰਮ ਕਰੇ ਜੋ ਗੁਰੂ ਕਰਾਵੇ ।

## ਨੀਸਾਣ ਅਤੇ ਹੁਕਮਨਾਮੇ

(ਸੇਵਾ ਕਰਨੀ)

(ਹ) ਸਿੱਖ ਇਤਿਹਾਸ ਰੀਸਰਚ ਬੋਰਡ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਅੰਮ੍ਰਿਤਸਰ । ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ । ੫ ਅਕਤੂਬਰ, ੧੯੬੭ ਈ: ਤੇਜ ਪ੍ਰਿੰਟਰ ਪ੍ਰੈਸ ਵਿਚ ਛਪਿਆ । ਨੰ: ੧੧੩

ਦੇਗ ਤੇਗ ਫਤਹਿ ਨੁਸਰਤ ਬਦਰੰਗ । ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ
(ਜਾਰੀ ਕੀਤਾ ਪਾਤ: ੧੦)

੧ਓ ਫਤੇ ਦਰਸ਼ਨ

ਸ੍ਰੀ ਸਚੇ ਸਾਹਿਬ ਜੀ ਕਾ ਹੁਕਮ ਹੈ । ਸਰਬਤ ਖਾਲਸਾ ਜਰੂਰ ਪਰਕਾ ਗੁਰੂ ਗੁਰੂ ਜਪਨਾ ਜਨਮ ਸਵਰੇਗਾ । ਤੁਸੀਂ ਸਿਰੀ ਅਕਾਲ ਪੁਰਖ ਜੀ ਕਾ ਖਾਲਸਾ ਹੋ ਪੰਜ ਹਥਿਆਰ ਬੰਨਿਕੇ ਹੁਕਮ ਦੇਖਦਿਆਂ ਦਰਸ਼ਨ ਆਵਨਾ । ਖਾਲਸੇ ਦੀ ਰਹਤ ਰਹਣਾ । ਭੰਗ-ਤੰਮਾਕੂ-ਹਫੀਮ ਪੋਸਤ-ਦਾਰੂ ਅਮਲ ਕੋਈ ਨਹੀਂ ਖਾਣਾ । ਮਾਸ-ਮਛੀ ਪਿਆਜ ਨਾਹੀਂ ਖਾਣਾ । ਚੋਰੀ ਜਾਰੀ ਨਾਹੀਂ ਕਰਣੀ । ਅਸਾਂ ਸਤਿਜੁਗ ਵਰਤਾਇਆ ਹੈ । ਆਪਸ ਵਿਚ ਪਿਆਰ ਕਰਣਾ । ਮੇਰਾ ਹੁਕਮ ਹੈ । ਜੋ ਖਾਲਸੇ ਕੀ ਰੈਹਤ ਰਹੇਗਾ ਤਿਸਦੀ ਗੁਰੂ ਬਹੁੜੀ ਕਰੇਗਾ । (ਭਾਵ ਅਰਦਾਸ-ਬੇਨਤੀ ਸੁਣੇਗਾ) । ਮਿਤੀ ਪੋਹ ੧੨, ਸੰਮਤ ੧ ਸਤਰਾਂਦਸ ।

ਇਹ ਹਨ ਗੁਰੂ ਨਾਨਕ, ਗੁਰੂ ਹਰ ਗੋਬਿੰਦ ਅਤੇ ਗੁਰੂ ਗੋਬਿੰਦ ਸਿੰਘ ਦੇ ਹੁਕਮ ਮਾਸ ਖਾਣ ਵਾਲੇ ਭਰਾ ਦਸਾਂ ਪਾਤਸ਼ਾਹੀਆਂ ਦੇ ਸਿੱਖ-ਫਿਰ ਗੁਰੂ ਕੀ ਬਾਣੀ ਨੂੰ ਪ੍ਰਤੱਖ ਗੁਰਾਂ ਕੀ ਦੇਹ ਕਹਿ ਕੇ । ਸਰਬਤ ਦਾ ਭਲਾ ਮੰਗ ਕੇ ਫੇਰ ਜੇ ਨਾ ਮੰਨਣ । ਅਜੇ ਵੀ ਕਹਿਣ ਕਿ ਗੁਰੂਆਂ ਨੇ ਮਾਸ ਖਾਣਾ ਮਨ੍ਹਾਂ ਨਹੀਂ ਕੀਤਾ ਹੋਇਆ । ਫਿਰ ਉਹਨਾਂ ਨੂੰ ਗੁਰੂ ਹੀ ਪੁਛੇਗਾ । ਜੇਕਰ ਉਹ ਨਹੀਂ ਛੱਡ ਸਕਦੇ ਤਾਂ । ਆਪਣੇ ਗੁਰੂਆਂ ਨੂੰ ਆਪਣੇ ਧਰਮ ਨੂੰ ਦੋਸ਼ ਨਾ ਦੇਣ । ਇਸ ਤਰ੍ਹਾਂ ਦੋਹਰੇ ਪਾਪ ਦੇ ਭਾਗੀ ਹੋਣਗੇ । ਸੱਚ ਪੁਛੋ ਤੇ ਅਸਲ ਨਿੰਦਕਾਂ ਵਿਚ ਸ਼ਾਮਲ ਹਨ ।



Namdhari Elibrary NamdhariElibrary@gmail.com

## ਕੀ ਦੁਧ ਪੀਣਾ ਮਾਸ ਖਾਣ ਦੇ ਬਰਾਬਰ ਹੈ

ਇਸ ਵਿਚ ਕੋਈ ਸ਼ੱਕ ਨਹੀਂ ਕਿ ਦੁਧ ਵਿਚ ਮਾਸ ਦਾ ਅੰਸ਼ ਚਰਬੀ ਆਉਂਦੀ ਹੈ। ਮਗਰ ਕੁਦਰਤੀ ਨਿਯਮ ਅਨੁਸਾਰ ਬਣਦੀ ਰਹਿੰਦੀ ਹੈ। ਜੀਵ ਹਤਿਆ ਕਰਕੇ ਨਹੀਂ ਹਾਸਿਲ ਕੀਤੀ ਜਾਂਦੀ। ਦੂਸਰੇ ਗਊ ਵੀ ਇਕ ਇਨਸਾਨ ਦੀ ਮਾਤਾ ਹੈ। ਸੰਸਾਰ ਵਿਚ ੪ ਮਾਤਾ ਹਨ।

(੧) ਸ਼ਕਤੀ ਮਾਤਾ—ਅਕਾਲ ਪੁਰਖ ਦੀ ਕੁਦਰਤ (ਏਕਾ ਮਾਈ ਜੁਗਤ ਵਿਆਈ) ਜੋ ਸਾਰੇ ਜੀਆਂ ਵਿਚ ਵਿਆਪਕ ਹੈ।

(੨) ਧਰਤੀ ਮਾਤਾ—ਜਿਸ ਦੇ ਵਿਚੋਂ ਸਾਰੇ ਜੀਵਾਂ ਦੀ ਖੁਰਾਕ ਪੈਦਾ ਹੁੰਦੀ ਹੈ। (ਪਾਉਣ ਗੁਰੂ ਪਾਣੀ ਪਿਤਾ-ਮਾਤਾ ਧਰਤ ਮਹੱਤ)।

(੩) ਜਨਮ ਮਾਤਾ।

(੪) ਗਊ ਮਾਤਾ—ਗਊ ਮਾਤਾ ਦੀ ਇਨਸਾਨ ਨੇ ਸੇਵਾ ਕਰਕੇ, ਉਸਨੂੰ ਪ੍ਰਸੰਨ ਕਰਕੇ, ਉਸ ਨਾਲ ਪਿਆਰ ਕਰਕੇ ਦੁਧ ਹਾਸਿਲ ਕੀਤਾ ਹੈ। ਜ਼ੋਰ-ਜ਼ੁਲਮ ਕਰਕੇ ਦੁਧ ਹਾਸਲ ਨਹੀਂ ਕੀਤਾ। ਇਹ ਜ਼ਰੂਰੀ ਹੈ ਕਿ ਸਾਨੂੰ ਵਛੇ ਦਾ ਹੱਕ (ਦੁੱਧ) ਜ਼ਿਆਦਾ ਚੁੰਘ ਲੈਣ ਦੇਣਾ ਚਾਹੀਦਾ ਹੈ। ਬਾਕੀ ਗਊ ਦੀ ਸੇਵਾ ਅਤੇ ਵਛੇ ਦੀ ਵੀ ਸੇਵਾ ਜ਼ਰੂਰ ਕਰਨੀ ਚਾਹੀਦੀ ਹੈ। ਨਾ ਕਰੀਏ ਤਾਂ ਪਾਪ ਦੇ ਭਾਗੀ ਹਾਂ। ਉਹਨਾਂ ਨਾਮਧਾਰੀ ਸ਼ਹੀਦਾਂ ਦੇਸ਼ ਭਗਤਾਂ ਵਰਗੇ ਬਣੀਏ। ਜਿਨ੍ਹਾਂ ਗਊ-ਗ਼ਰੀਬ ਦੀ ਰੱਖਿਆ ਵਾਸਤੇ ਸੀਸ ਦੇ ਦਿਤੇ।

ਗੁਰੂ ਬਾਣੀ ਦਾ ਆਸ਼ਾ—ਮਾਝ ਵਾਰ ਮ: ੧ ਅੰਗ (੧੫੦)
ਵੁਠੇ ਘਾਹੁ ਚਰਹਿ ਨਿਤ ਸੁਰਹੀ ਸਾਧਨ ਦਹੀ ਵਿਲੋਵੈ।

(ਭਾਵ) ਸੁਰਹੀ-ਗਊ ਘਾਹ ਚੁਗਦੀ ਹੈ ਖੁਸ਼ ਤੇ ਪ੍ਰਸੰਨ ਹੋ ਕੇ ਦੁੱਧ-ਦਹੀਂ ਦਿੰਦੀ ਹੈ।
ਤਿਤੁ ਘਿਇ ਹੋਮ ਜੱਗ ਸੱਦ ਪੂਜਾ। ਪਈਐ ਕਾਰਜ ਸੋਹੈ।

ਉਸ ਦਾ ਘਿਉ ਜਗ ਹਵਨ ਵਿਚ ਵੀ ਪੈਂਦਾ ਹੈ, ਜਿਸ ਨਾਲ ਪਾਠ ਕਰਕੇ, ਅਰਦਾਸ ਕਰਕੇ ਕਾਰਜ (ਕੰਮ) ਸੁਆਰਥ ਠੀਕ ਹੁੰਦੇ ਹਨ।

ਪਸ਼ੂ ਮਿਲੇ ਚੰਗਿਆਈਆ—ਖੜ ਖਾਵੇ ਅੰਮ੍ਰਿਤ ਦੇਹਿ-ਨਾਮ ਵਿਹੂਣੇ ਆਦਮੀ ਧਿਰਗੁ ਜੀਵਨ ਕਰਮ ਕਰੇਇ। (ਗੁਜਰੀ ਮ: ੧, ੪੮੯)

## ਆਉ ਜ਼ਰਾ ਦੇਖੀਏ ਸਾਡੀ ਆਜ਼ਾਦ ਹਿੰਦ ਸਰਕਾਰ ਦੀ ਕਰਤੂਤ ਗਊ ਬੱਧ ਬਾਰੇ

ਸਵਰਾਜ ਮਿਲਣ ਤੋਂ ਪਹਿਲਾਂ ਕਾਂਗਰਸ ਆਗੂਆਂ ਦਾ ਇਕਰਾਰ ਸੀ ਕਿ ਪਹਿਲਾ ਕੰਮ ਸਾਡਾ ਗਊ ਹਤਿਆ ਬੰਦ ਕਰਨ ਦਾ ਹੋਵੇਗਾ। ਮਗਰ ਇਸ ਪਾਪ-ਨੀਚ ਕਰਮ ਵਿਚ ਹਿੰਦੁਸਤਾਨ ਸਰਕਾਰ ਅੰਗਰੇਜ਼ ਦੀ ਹਕੂਮਤ ਨਾਲੋਂ ਕਿੰਨੇ ਗੁਣਾਂ ਅੱਗੇ ਨਿਕਲ ਗਈ ਜ਼ਰਾ ਗਿਣਤੀ ਕਰੀਏ।



Namdhari Elibrary NamdhariElibrary@gmail.com

ਮੁਸਲਮਾਨ ਮਗਲ ਬਾਦਸ਼ਾਹ ਅਕਬਰ ਅਤੇ ਜਹਾਂਗੀਰ ਬਾਦਸ਼ਾਹਾਂ ਦੇ ਵਕਤ ਗਊ ਹਤਿਆ ਕਾਨੂੰਨ ਬੰਦ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਵੀ ਗਊ ਹਤਿਆ ਬੰਦ ਸੀ। ਅੰਗਰੇਜ਼ ਹਕੂਮਤ ਨੇ ਇਹ ਕੰਮ ਖੁਲਮ-ਖੁਲਾ ਚਾਲੂ ਕੀਤਾ। ੧੭੯੧ ਈ: ਵਿਚ ਗਊ ਕਸ਼ੀ–੧ ਕਰੋੜ ਸੀ ਜੋ ਇੱਕੀ ਗਊਆਂ ਹਰ ਮਿੰਟ ਪਿੱਛੋਂ ਵੱਢ ਹੁੰਦੀਆਂ ਸਨ।

ਅਠਾਰਵੀਂ ਸਦੀ ਵਿਚ ਅੰਗਰੇਜ਼ ਨੇ ਹਿੰਦੁਸਤਾਨ ਤੇ ਕਬਜ਼ਾ ਕਰਨ ਤੇ ਮਾਸ ਅਤੇ ਚਮੜਾ ਪ੍ਰਦੇਸ਼ਾਂ ਨੂੰ ਕਿੰਨਾ ਭੇਜਿਆ। ਅਠਾਈ ਹਜ਼ਾਰ ਖੱਲਾਂ ਸਾਲਾਨਾ+ਦਸ ਹਜ਼ਾਰ ਮਣ ਹੱਡੀਆਂ। ਅਤੇ ਦਸ ਲੱਖ ਡੰਗਰਾਂ ਦਾ ਸੁੱਕਾ ਮਾਸ। ਚੌਦਾਂ ਹਜ਼ਾਰ ਮਣ ਦਰਬੀ, ਅਠਾਈ ਹਜ਼ਾਰ ਪੰਜ ਸੌ ਮਣ ਸੁੱਕਾ ਹੋਇਆ ਖੂਨ।

1947 ਈ: ਆਜ਼ਾਦੀ ਤੋਂ ਬਾਦ ਦਾ ਵੇਰਵਾ ਇਸ ਤਰ੍ਹਾਂ ਹੈ :—

1952— ਜਵਾਨ ਵਛਿਆਂ ਦੀਆਂ ਖੱਲਾਂ ਇਕ ਲੱਖ ਵੀਹ ਹਜ਼ਾਰ।

ਗਊਆਂ ਦੀਆਂ ਖੱਲਾਂ ਇਕ ਲੱਖ ਪੰਜਾਹ ਹਜ਼ਾਰ। ਸਾਰੀਆਂ ਚਾਰ ਲੱਖ ਪੰਜ ਹਜ਼ਾਰ।

1952-53 ਤਕ ਛਤਾਲੀ ਲੱਖ ਨੌਂ ਹਜ਼ਾਰ ਖਲਾਂ ਬਾਹਰ ਭੇਜੀਆਂ।

ਇਸ ਤੋਂ ਬਾਦ ਦਾ ਹਿਸਾਬ ਤ੍ਰਿਹੱਤਰ ਲੱਖ ਵੀਹ ਹਜ਼ਾਰ। ਮਤਲਬ ਅੰਗਰੇਜ਼ ਦੇ ਵਕਤ ਨਾਲੋਂ ੧੫ ਗੁਣਾ ਜ਼ਿਆਦਾ ਗਊਆਂ ਵੱਢ ਹੁੰਦੀਆਂ ਹਨ ਅਤੇ ਗਊਆਂ ਦੇ ਪੇਟ ਵਿਚੋਂ ਗਰਭ ਨੂੰ ਗਿਰਾ ਕੇ ਵੱਛੇ ਬਾਹਰ ਕੱਢ ਜਾਂਦੇ ਹਨ ਅਤੇ ਉਹਨਾਂ ਦਾ ਚਮੜਾ ੮੦ ਰੁਪਏ ਸੇਰ ਵਿਕਦਾ ਹੈ। ਇਹ ਹੈ ਹਿੰਦੁਸਤਾਨ ਦੇ ਧਰਮੀ ਦੇਸ਼ ਦੇ ਧਾਰਮਿਕ ਪਹਿਲੂ ਦਾ ਹਾਲ।

ਇਹ ਹੈ ਕਲਜੁਗ ਦੇ ਰਾਜ ਅਤੇ ਦੁਨੀਆਂ ਦੇ ਮਾਇਆ ਧਾਰੀਆਂ ਦੇ ਲਾਲਚ ਪਿੱਛੇ ਘੋਰ ਪਾਪ, ਜਿਸ ਤੋਂ ਅਨੁਮਾਨ ਲਗਦਾ ਹੈ ਕਿ ਦੁਨੀਆਂ ਦਾ ਭਿਆਨਕ ਸਮਾਂ ਨੇੜੇ ਹੈ ਅਤੇ ਉਹ ਦਿਨ ਦੂਰ ਨਹੀਂ ਹੋਵੇਗਾ ਜਦ ਕਿ ਹਿੰਦੁਸਤਾਨ ਦੇ ਬੱਚਿਆਂ ਨੂੰ ਵੀ ਦੁੱਧ ਨਹੀਂ ਮਿਲੇਗਾ।

ਭਗਵਾਨ ਕ੍ਰਿਸ਼ਨ ਜੀ ਗਊਆਂ ਨੂੰ ਚਾਰਦੇ ਹੋਏ ਮੁਰਲੀ ਦੀ ਧੁੰਨ ਲਾਉਂਦੇ ਗਊਆਂ ਪਛੇ ਲੱਗ ਤੁਰਦੀਆਂ

ਕਲਗੀਧਰ ਪਾਤਸ਼ਾਹ ਗਊਆਂ ਦੇ ਕਸ਼ਟ ਦੂਰ ਕਰਨ ਵਾਸਤੇ ਵਾਰ-ਵਾਰ ਅਰਦਾਸ ਕਰਦੇ ਹਨ—

ਯਹੀ ਆਸ ਪੂਰਨ ਕਰਹੁ ਤੁਮ ਹਮਾਰੀ। ਮਿਟੈ ਕਸ਼ਟ ਗਊਅਨ ਛੁਟੈ ਖੇਦ ਭਾਰੀ।

ਉਗਰਦੰਤੀ ਪਾਤ: ੧੦

ਨਾਮਧਾਰੀ ਪੰਥ ਦੇ ਸਿਰਤਾਜ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੀ ਗਊਸ਼ਾਲਾ ਵਿਚ ਜਾਂਦੇ ਤਾ ਗਊਆਂ ਨੂੰ ਉਸੇ ਵਕਤ ਪਤਾ ਲੱਗ ਜਾਂਦਾ ਸੀ ਅਤੇ ਸਚੇ ਪਾਤਸ਼ਾਹ ਦੇ ਗਲੇ



Namdhari Elibrary NamdhariElibrary@gmail.com

Namdhari Elibrary NamdhariElibrary@gmail.com



ਦੇਣ ਲਗਾ ਤਾਂ ਬੁਲ੍ਹੇ ਸ਼ਾਹ ਕਿਹਾ—

ਇਕਨਾ ਦੇ ਮਨ ਦਾਉ ਗੋਸ਼ਤ ਖਾਂਗੇ ।
ਇਕਨਾ ਦੇ ਮਨ ਗਮੀ ਜਹਾਨੋਂ ਜਾਂਗੇ ।
ਚਲ ਉਏ ਬੁਲ੍ਹਿਆ ਇਥੋਂ ਚਲੀਏ,
ਕਿਤਿਉਂ ਮੰਗ ਕੇ ਟੁਕੜਾ ਖਾਂਗੇ ।
ਜਿਸਨੂੰ ਕੋਈ ਮਾਰਸੀ ਸੋ ਭੀ ਮਾਰਨਹਾਰ,
ਦਰਗਹ ਲੇਖਾ ਨਿਬੜੇ ਛੁਟੇ ਕਿਵੇਂ ਨਾ ਯਾਰ ।

ਸਾਨੂੰ ਭਗਤ ਸਦਨੇ ਦੀ ਸਾਖੀ ਤੋਂ ਵੀ ਕੁਝ ਸਿਖਿਆ ਜੋ ਮਿਲੇ ਤਾਂ ਉਸ ਜਦੋਂ ਬਕਰੇ ਦੇ ਸਰੀਰ ਦਾ ਹਿੱਸਾ ਬਾਦਸਾਹ ਵਾਸਤੇ ਕਟਣਾ ਚਾਹਿਆ ਤਾਂ ਬਕਰੇ ਨੇ ਹੱਸ ਕੇ ਦਸ ਦਿਤਾ, ਉਸਦੇ ਪਿਛਲੇ ਜਨਮਾਂ ਦਾ ਲੇਖਾ ਚਲਿਆ ਆਉਂਦਾ ਹੈ । ਉਸ ਜਾਨਵਰ ਨੂੰ ਤੇ ਪਤਾ ਲੱਗ ਗਿਆ ਤੇ ਅਸੀਂ ਇਨਸਾਨ ਹੋ ਕੇ ਨਾ ਮੰਨੀਏ ।

## ਤਮਾਕੂ ਨੋਸ਼ੀ ਤੇ ਵਿਚਾਰ

ਰਹਿਤਨਾਮਾ ਭਾਃ ਨੰਦ ਲਾਲ ਜੀ—

ਕੁਠਾ-ਹੁਕਾ ਚਰਸ ਤਮਾਖੂ, ਗਾਂਜਾ ਟੋਪੀ-ਤਾੜੀ ਖਾਖੂ ।
ਇਨਕੀ ਓਰ ਨਾ ਕਾਹੂੰ ਦੇਖੈ, ਰਹਤਵੰਤ ਸੋ ਸਿਖ ਵਿਸੇਖੈ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉਪਦੇਸ਼—ਸੂਰਜ ਪ੍ਰਕਾਸ਼ ਭਾਃ ਸੰਤੋਖ ਸਿੰਘ ਜੀ

(੧) ਸੁਨਹੁ ਸਿਖ ਮਮ ਰਹਤ ਜੋ ਤਜਹੁ ਤਮਾਕੂ ਸੰਗ ।
(੨) ਮਰਨ ਮਰੇ ਤੋ ਅਤਿ ਭਲੋ, ਜਗਤ ਜੂਠ ਅੰਗ ।
(੩) ਤਨਕ ਤਮਾਕੂ ਸੇਵੀਏ, ਦੇਵ ਪਿਤਰ ਤਜ ਜਾਇ ।
(੪) ਪਾਨੀ ਤਾਂਕੇ ਹਾਥ ਕੋ, ਮਧਰਾ ਸਮ ਆਪ ਦਾਇ ।
(੫) ਮਦਰਾ ਦਹਿਤਾ ਸਕਲ ਕੁਲ, ਭੰਗ ਦਹੇ ਕੁਲ ਏਕ ।
(੬) ਸਤਿ ਕੁਲ ਦਹਿਤਾ ਜਗਤ ਜੂਠ, ਨਿੰਦਾ ਦੇਹੇ ਅਨੇਕੁ ।

ਅਰਥ—(੩) ਤਨਕ-ਤੀਖੇ ਮਾਤਰ ਵੀ ਤਮਾਕੂ ਵਰਤੀਏ, ਉਸਦੇ ਪਿਤਰ ਦੇਵਤਾ ਕੁਲ ਨੂੰ ਛੱਡ ਜਾਣਗੇ ।

(੪) ਉਨ੍ਹਾਂ ਦੇ ਹੱਥਾਂ ਦਾ ਪਾਣੀ, ਸ਼ਰਾਬ ਵਾਂਗੂ ਹੈ ।
(੫) ਸ਼ਰਾਬ ਪੀਣ ਵਾਲੇ ਦੀਆਂ ੭ ਕੁਲਾਂ ਨਰਕ ਨੂੰ ਜਾਣਗੀਆਂ ।
(੮) ੭ ਕੁਲਾਂ ਜਗਤ ਜੂਠ ਪੀਣ ਵਾਲੇ ਦੀ ਨਰਕ ਨੂੰ ਜਾਣਗੀਆਂ ।
(੭) ੭ ਕੁਲਾਂ ਜਗਤ ਜੂਠ ਪੀਣ ਵਾਲੇ ਦੀ ਨਰਕ ਨੂੰ ਜਾਣਗੀਆਂ ਅਤੇ ਨਿੰਦਾ ਕਰਨ ਵਾਲੇ ਦੀਆਂ ਅਨੇਕ ਕੁਲਾਂ ਨਰਕ ਨੂੰ ਜਾਣਗੀਆਂ । (ਪਦਮ ਪੁਰਾਣ ਦੀ ਲਿਖਤ ਵਿਚੋਂ)

ਧੂਮ੍ਰ ਪਾਨੰ ਵਿਪ੍ਰ-ਦਾਨੰ ਕੁਰਵੰਤ ਯ–ਨਰ+ਗ੍ਰਾਮ ਸੂਕਰਹ ।

ਤਮਾਕੂ ਪੀਣ ਵਾਸਤੇ ਲਿਖਿਆ ਹੈ ਕਿ ਤਮਾਕੂ ਪੀਣ ਵਾਲੇ ਬ੍ਰਾਹਮਣ ਨੂੰ ਦਾਨ ਦੇਣ ਵਾਲਾ ਗ੍ਰਾਮ ਦਾ ਸੂਰ ਬਣਦਾ ਹੈ–ਵਿਸਟਾ ਖਾਂਦਾ ਹੈ । (ਪਦਮ ਪੁਰਾਣ ਵਿਚੋਂ)

Namdhari Elibrary NamdhariElibrary@gmail.com



ਨਾਲ ਲਗਕੇ ਪਿਆਰ ਕਰਦੀਆਂ ਸਨ। ਆਦਮੀਆਂ ਨੂੰ ਮਾਰਨ ਵਾਲੇ ਸਾਂਢ ਭੈਣੀ ਸਾਹਿਬ ਹੱਦ ਅੰਦਰ ਜਾ ਕੇ ਦੇਵਤਾ ਬਣ ਜਾਂਦੇ ਸੀ। ਭੈਣੀ ਸਾਹਿਬ ਦੀ ਗਊਸ਼ਾਲਾ ਵਿਚ ਗਊਆਂ ਭਾਰਤ ਵਿਚ ਸਭ ਤੋਂ ਪਹਿਲਾ ਨੰਬਰ (ਇਨਾਮ) ਲੈਂਦੀਆਂ ਸਨ। ਪਾਤਸਾਹ ਕਹਿੰਦੇ ਸਨ ਗਊਆਂ ਕੀਰਤਨ ਸੁਨਣ ਤਾਂ ਉਹਨਾਂ ਦਾ ਦੁੱਧ ਵੱਧ ਜਾਂਦਾ ਹੈ। ਅੱਜ ਗਊ ਦੀ ਸੇਵਾ ਨਹੀਂ ਪੂਜਾ ਹੀ ਰਹਿ ਗਈ।

## ਹਜ਼ਰਤ ਮੁਹੰਮਦ ਸਾਹਿਬ ਦੀ ਜੀਆਂ ਉਪਰ ਦਯਾ

ਮਅਜਜ਼ੇ ਮਹੰਮਦੀ ਕਿਤਾਬ ਵਿਚੋਂ ੧੨ ਤੋਂ ੧੩ ਸਫੇ ਉਤੇ :—

ਇਕ ਜੰਗਲ ਵਿਚ ਇਕ ਹਿਰਨੀ ਦੋ ਬੱਚਿਆਂ ਦੀ ਮਾਂ ਸ਼ਿਕਾਰੀ ਦੇ ਜਾਲ ਵਿਚ ਫਸ ਗਈ। ਸ਼ਿਕਾਰੀ ਜਾਲ ਲਾ ਕੇ ਕਿਤੇ ਬਾਹਰ ਗਿਆ ਸੀ। ਹਿਰਨੀ ਨੇ ਆਪਣਾ ਸਾਰਾ ਤਾਣ ਲਾਇਆ ਪਰ ਨਿਕਲ ਨਾ ਸਕੀ। ਆਖਰ ਬੇਬਸ ਹੋ ਕੇ ਖੁਦਾ ਅਗੇ ਅਰਜੋਈਆ ਕਰਨ ਲਗੀ। ਉਸਦੇ ਹਿਰਦੇ ਦੀ ਦੁਆ ਖੁਦਾ ਪਾਸ ਪਹੁੰਚੀ। ਖੁਦਾ ਨੇ ਮੁਹੰਮਦ ਸਾਹਿਬ ਜੀ ਨੂੰ ਉਸਦੀ ਸਹਾਇਤਾ ਵਾਸਤੇ ਹੁਕਮ ਕੀਤਾ। ਮੁਹੰਮਦ ਜੀ ਨੇ ਉਸ ਥਾਂ ਤੇ ਪਹੁੰਚ ਕੇ ਹਿਰਨੀ ਨੂੰ ਜਾ ਛੁਡਾਇਆ। ਹਿਰਨੀ ਹਜ਼ਰਤ ਜੀ ਦਾ ਸ਼ੁਕਰੀਆ ਕਰਦੀ ਹੋਈ ਵਾਇਦਾ ਕਰਦੀ ਹੈ ਕਿ ਮੈਂ ਆਪਣੇ ਬਚਿਆਂ ਨੂੰ ਜਲਦੀ ਤੋਂ ਜਲਦੀ ਦੁਧ ਦੇ ਕੇ ਵਾਪਸ ਆਉਂਦੀ ਹਾਂ ਤਾਂਕਿ ਸ਼ਿਕਾਰੀ ਆਪ ਨਾਲ ਝਗੜਾ ਨਾ ਕਰੇ। ਜਦੋਂ ਹਿਰਨੀ ਵਾਪਸ ਆਈ ਤਾ ਉਸਦੇ ਬੱਚੇ ਵੀ ਪਿਛੇ ਇਕੱਲੇ ਨਾ ਰਹੇ, ਨਾਲ ਹੀ ਆ ਗਏ; ਤਦ ਤਕ ਸ਼ਿਕਾਰੀ ਵੀ ਉਥੇ ਪਹੁੰਚਿਆ ਹੋਇਆ ਸੀ ਅਤੇ ਹਜ਼ਰਤ ਨਾਲ ਝਗੜਾ ਕਰ ਰਿਹਾ ਸੀ ਕਿ ਤੂੰ ਮੇਰਾ ਸ਼ਿਕਾਰ ਗਵਾ ਦਿਤਾ। ਜਦੋਂ ਸ਼ਿਕਾਰੀ ਨੇ ਹਿਰਨੀ ਬਚਿਆਂ ਸਮੇਤ ਮੁੜ ਆਈ ਦੇਖੀ ਤਾਂ ਉਹ ਆਪਣੇ ਮਨ ਨੂੰ ਫਿਟਕਾਰਾਂ ਪਾਉਣ ਲਗਾ ਅਤੇ ਪਛਤਾਵਾ ਕਰਕੇ ਅਗੋਂ ਨੂੰ ਜੀਵਾਂ ਦਾ ਸ਼ਿਕਾਰ ਛੱਡ ਹੀ ਦਿਤਾ। ਹਿਰਨੀ ਬਚਿਆਂ ਸਮੇਤ ਮੁਹੰਮਦ ਜੀ ਨੂੰ ਅਸੀਸਾਂ ਦੇ ਕੇ ਚਲੀ ਗਈ।

ਕੀ ਮੁਸਲਮਾਨ ਭਾਈ ਇਸ ਕਹਾਣੀ ਨੂੰ ਨਹੀਂ ਪੜ੍ਹਦੇ-ਸੁਣਦੇ ਹੋਣਗੇ ? ਕੀ ਉਹਨਾਂ ਦਾ ਦਿਲ ਸ਼ਿਕਾਰੀ ਨਾਲੋਂ ਵੀ ਬੇਰਹਿਮ ਹੈ ? ਕੀ ਉਹ ਮੁਹੰਮਦ ਸਾਹਿਬ ਨੂੰ ਆਪਣਾ ਪੈਗੰਬਰ ਨਹੀਂ ਮੰਨਦੇ ?

ਇਸੇ ਤਰ੍ਹਾਂ ਯਸੂ ਮਸੀਹ ਦੇ ਇਕ ਚੇਲੇ ਸੰਤ ਫਰਾਂਸਿਸ (St. Francis) ਨੇ ਬੀਮਾਰੀ ਦੀ ਹਾਲਤ ਵਿਚ ਆਪਣੇ ਦੋਸਤ ਦੇ ਕਹੇ ਤੇ ਮਾਸ ਦਾ ਰਸ ਪੀ ਲਿਆ। ਪਰ ਇੰਨਾ ਪਛਤਾਇਆ ਕਿ ਆਪਣੇ ਗਲ ਵਿਚ ਰੱਸੀ ਪਾਕੇ ਇਕ ਦੂਸਰੇ ਚੇਲੇ ਨੂੰ ਫੜਾ ਕੇ ਕਿਹਾ ਕਿ ਤੂੰ ਮੈਨੂੰ ਕੁੱਤੇ ਵਾਂਗ ਦਰ ਦਰ ਤੇ ਘਰ ਘਰ ਲੈ ਕੇ ਫਿਰ ਤੇ ਆਖ ਕਿ ਇਸ ਨੀਚ ਨੇ ਆਪਣੇ ਸਰੀਰ ਦੀ ਰਖਸ਼ਾ ਵਾਸਤੇ ਦੂਸਰੇ ਜੀਵ ਦੇ ਮਾਸ ਦਾ ਰਸ ਪੀਤਾ ਹੈ। ਸੋ ਈਸਾਈ ਮਤ ਵਿਚ ਉਸਦੇ ਸੰਤਾਂ ਦਾ ਮਾਸ ਬਾਰੇ ਇਹ ਵਿਚਾਰ ਹੈ।

ਇਕ ਵਾਰ ਬੁਲੇ ਸ਼ਾਹ ਦਾ ਚੇਲਾ ਬੁਲੇ ਸ਼ਾਹ ਵਾਸਤੇ ਮਾਸ ਲਿਆਉਣ ਦੀ ਸਲਾਹ

ਨਾਲ ਲਗਕੇ ਪ੍ਰਿਆਰ ਕਰਦੀਆਂ ਸਨ । ਆਦਮੀਆਂ ਨੂੰ ਮਾਰਨ ਵਾਲੇ ਸਾਂਢ ਭੈਣੀ ਸਾਹਿਬ ਹੱਦ ਅੰਦਰ ਜਾ ਕੇ ਦੇਵਤਾ ਬਣ ਜਾਂਦੇ ਸੀ । ਭੈਣੀ ਸਾਹਿਬ ਦੀ ਗਊਸ਼ਾਲਾ ਵਿਚ ਗਊਆਂ ਭਾਰਤ ਵਿਚ ਸਭ ਤੋਂ ਪਹਿਲਾ ਨੰਬਰ (ਇਨਾਮ) ਲੈਂਦੀਆਂ ਸਨ । ਪਾਤਸ਼ਾਹ ਕਹਿੰਦੇ ਸਨ ਗਊਆਂ ਕੀਰਤਨ ਸੁਨਣ ਤਾਂ ਉਹਨਾਂ ਦਾ ਦੁੱਧ ਵੱਧ ਜਾਂਦਾ ਹੈ । ਅੱਜ ਗਊ ਦੀ ਸੇਵਾ ਨਹੀਂ ਪੂਜਾ ਹੀ ਰਹਿ ਗਈ ।

## ਹਜ਼ਰਤ ਮੁਹੰਮਦ ਸਾਹਿਬ ਦੀ ਜੀਆਂ ਉਪਰ ਦਯਾ

ਮਅਜਜ਼ੇ ਮਹੰਮਦੀ ਕਿਤਾਬ ਵਿਚੋਂ ੧੨ ਤੋਂ ੧੩ ਸਫੇ ਉਤੇ :—

ਇਕ ਜੰਗਲ ਵਿਚ ਇਕ ਹਿਰਨੀ ਦੋ ਬੱਚਿਆਂ ਦੀ ਮਾਂ ਸ਼ਿਕਾਰੀ ਦੇ ਜਾਲ ਵਿਚ ਫਸ ਗਈ । ਸ਼ਿਕਾਰੀ ਜਾਲ ਲਾ ਕੇ ਕਿਤੇ ਬਾਹਰ ਗਿਆ ਸੀ । ਹਿਰਨੀ ਨੇ ਆਪਣਾ ਸਾਰਾ ਤਾਣ ਲਾਇਆ ਪਰ ਨਿਕਲ ਨਾ ਸਕੀ । ਆਖਰ ਬੇਬਸ ਹੋ ਕੇ ਖੁਦਾ ਅਗੇ ਅਰਜੋਈਆ ਕਰਨ ਲਗੀ । ਉਸਦੇ ਹਿਰਦੇ ਦੀ ਦੁਆ ਖੁਦਾ ਪਾਸ ਪਹੁੰਚੀ । ਖੁਦਾ ਨੇ ਮੁਹੰਮਦ ਸਾਹਿਬ ਜੀ ਨੂੰ ਉਸਦੀ ਸਹਾਇਤਾ ਵਾਸਤੇ ਹੁਕਮ ਕੀਤਾ । ਮੁਹੰਮਦ ਜੀ ਨੇ ਉਸ ਥਾਂ ਤੇ ਪਹੁੰਚ ਕੇ ਹਿਰਨੀ ਨੂੰ ਜਾ ਛੁਡਾਇਆ । ਹਿਰਨੀ ਹਜ਼ਰਤ ਜੀ ਦਾ ਸ਼ੁਕਰੀਆ ਕਰਦੀ ਹੋਈ ਵਾਇਦਾ ਕਰਦੀ ਹੈ ਕਿ ਮੈਂ ਆਪਣੇ ਬਚਿਆਂ ਨੂੰ ਜਲਦੀ ਤੋਂ ਜਲਦੀ ਦੁਧ ਦੇ ਕੇ ਵਾਪਸ ਆਉਂਦੀ ਹਾਂ ਤਾਂਕਿ ਸ਼ਿਕਾਰੀ ਆਪ ਨਾਲ ਝਗੜਾ ਨਾ ਕਰੇ । ਜਦੋਂ ਹਿਰਨੀ ਵਾਪਸ ਆਈ ਤਾਂ ਉਸਦੇ ਬੱਚੇ ਵੀ ਪਿਛੇ ਇਕੱਲੇ ਨਾ ਰਹੇ, ਨਾਲ ਹੀ ਆ ਗਏ; ਤਦ ਤਕ ਸ਼ਿਕਾਰੀ ਵੀ ਉਥੇ ਪਹੁੰਚਿਆ ਹੋਇਆ ਸੀ ਅਤੇ ਹਜ਼ਰਤ ਨਾਲ ਝਗੜਾ ਕਰ ਰਿਹਾ ਸੀ ਕਿ ਤੂੰ ਮੇਰਾ ਸ਼ਿਕਾਰ ਗਵਾ ਦਿਤਾ । ਜਦੋਂ ਸ਼ਿਕਾਰੀ ਨੇ ਹਿਰਨੀ ਬਚਿਆਂ ਸਮੇਤ ਮੁੜ ਆਈ ਦੇਖੀ ਤਾਂ ਉਹ ਆਪਣੇ ਮਨ ਨੂੰ ਫਿਟਕਾਰਾਂ ਪਾਉਣ ਲਗਾ ਅਤੇ ਪਛਤਾਵਾ ਕਰਕੇ ਅਗੋਂ ਨੂੰ ਜੀਵਾਂ ਦਾ ਸ਼ਿਕਾਰ ਛੱਡ ਹੀ ਦਿਤਾ । ਹਿਰਨੀ ਬਚਿਆਂ ਸਮੇਤ ਮੁਹੰਮਦ ਜੀ ਨੂੰ ਅਸੀਸਾਂ ਦੇ ਕੇ ਚਲੀ ਗਈ ।

ਕੀ ਮੁਸਲਮਾਨ ਭਾਈ ਇਸ ਕਹਾਣੀ ਨੂੰ ਨਹੀਂ ਪੜ੍ਹਦੇ-ਸੁਣਦੇ ਹੋਣਗੇ ? ਕੀ ਉਹਨਾਂ ਦਾ ਦਿਲ ਸ਼ਿਕਾਰੀ ਨਾਲੋਂ ਵੀ ਬੇਰਹਿਮ ਹੈ ? ਕੀ ਉਹ ਮੁਹੰਮਦ ਸਾਹਿਬ ਨੂੰ ਆਪਣਾ ਪੈਗੰਬਰ ਨਹੀਂ ਮੰਨਦੇ ?

ਇਸੇ ਤਰ੍ਹਾਂ ਯਸੂ ਮਸੀਹ ਦੇ ਇਕ ਚੇਲੇ ਸੰਤ ਫਰਾਂਸਿਸ (St. Francis) ਨੇ ਬੀਮਾਰੀ ਦੀ ਹਾਲਤ ਵਿਚ ਆਪਣੇ ਦੋਸਤ ਦੇ ਕਹੇ ਤੇ ਮਾਸ ਦਾ ਰਸ ਪੀ ਲਿਆ । ਪਰ ਇੰਨਾ ਪਛਤਾਇਆ ਕਿ ਆਪਣੇ ਗਲ ਵਿਚ ਰੱਸੀ ਪਾਕੇ ਇਕ ਦੂਸਰੇ ਚੇਲੇ ਨੂੰ ਫੜਾ ਕੇ ਕਿਹਾ ਕਿ ਤੂੰ ਮੈਨੂੰ ਕੁੱਤੇ ਵਾਂਗ ਦਰ ਦਰ ਤੇ ਘਰ ਘਰ ਲੈ ਕੇ ਫਿਰ ਤੇ ਆਖ ਕਿ ਇਸ ਨੀਚ ਨੇ ਆਪਣੇ ਸਰੀਰ ਦੀ ਰਖਸ਼ਾ ਵਾਸਤੇ ਦੂਸਰੇ ਜੀਵ ਦੇ ਮਾਸ ਦਾ ਰਸ ਪੀਤਾ ਹੈ । ਸੋ ਈਸਾਈ ਮਤ ਵਿਚ ਉਸਦੇ ਸੰਤਾਂ ਦਾ ਮਾਸ ਬਾਰੇ ਇਹ ਵਿਚਾਰ ਹੈ ।

ਇਕ ਵਾਰ ਬੁਲੇ ਸ਼ਾਹ ਦਾ ਚੇਲਾ ਬੁਲੇ ਸ਼ਾਹ ਵਾਸਤੇ ਮਾਸ ਲਿਆਉਣ ਦੀ ਸਲਾਹ



Namdhari Elibrary NamdhariElibrary@gmail.com

ਦੇਣ ਲਗਾ ਤਾਂ ਬੁਲੇ ਸ਼ਾਹ ਕਿਹਾ—

ਇਕਨਾ ਦੇ ਮਨ ਚਾਉ ਗੋਸ਼ਤ ਖਾਂਗੇ ।
ਇਕਨਾ ਦੇ ਮਨ ਗ਼ਮੀ ਜਹਾਨੋਂ ਜਾਂਗੇ ।
ਚਲ ਉਏ ਬੁਲ੍ਹਿਆ ਇਥੋਂ ਚਲੀਏ,
ਕਿਤਿਉਂ ਮੰਗ ਕੇ ਟੁਕੜਾ ਖਾਂਗੇ ।
ਜਿਸਨੂੰ ਕੋਈ ਮਾਰਸੀ ਸੋ ਭੀ ਮਾਰਨਹਾਰ,
ਦਰਗਹ ਲੇਖਾ ਨਿਬੜੇ ਛੁਟੇ ਕਿਵੇਂ ਨਾ ਯਾਰ ।

ਸਾਨੂੰ ਭਗਤ ਸਦਨੇ ਦੀ ਸਾਖੀ ਤੋਂ ਵੀ ਕੁਝ ਸਿਖਿਆ ਜੇ ਮਿਲੇ ਤਾਂ ਉਸ ਜਦੋਂ ਬਕਰੇ ਦੇ ਸਰੀਰ ਦਾ ਹਿੱਸਾ ਬਾਦਸ਼ਾਹ ਵਾਸਤੇ ਕਟਣਾ ਚਾਹਿਆ ਤਾਂ ਬਕਰੇ ਨੇ ਹੱਸ ਕੇ ਦਸ ਦਿਤਾ, ਉਸਦੇ ਪਿਛਲੇ ਜਨਮਾਂ ਦਾ ਲੇਖਾ ਚਲਿਆ ਆਉਂਦਾ ਹੈ । ਉਸ ਜਾਨਵਰ ਨੂੰ ਤੇ ਪਤਾ ਲੱਗ ਗਿਆ ਤੇ ਅਸੀਂ ਇਨਸਾਨ ਹੋ ਕੇ ਨਾ ਮੰਨੀਏ ।

## ਤਮਾਕੂ ਨੋਸ਼ੀ ਤੇ ਵਿਚਾਰ

ਰਹਿਤਨਾਮਾ ਭਾ: ਨੰਦ ਲਾਲ ਜੀ—

ਕੁਠਾ-ਹੁਕਾ ਚਰਸ ਤਮਾਖੂ, ਗਾਜਾ ਟੋਪੀ-ਤਾੜੀ ਖਾਪੂ ।
ਇਨਕੀ ਓਰ ਨਾ ਕਾਹੂੰ ਦੇਖੈ, ਰਹਤਵੰਤ ਸੋ ਸਿਖ ਵਿਸੇਖੈ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉਪਦੇਸ਼—ਸੂਰਜ ਪ੍ਰਕਾਸ਼ ਭਾ: ਸੰਤੋਖ ਸਿੰਘ ਜੀ

(੧) ਸੁਨਹੁ ਸਿਖ ਮਮ ਰਹਤ ਜੋ ਤਜਹੁ ਤਮਾਕੂ ਸੰਗ ।
(੨) ਮਰਨ ਮਰੇ ਤੌ ਅਤਿ ਭਲੋ, ਜਗਤ ਜੂਠ ਅੰਗ ।
(੩) ਤਨਕ ਤਮਾਕੂ ਸੇਵੀਏ, ਦੇਵ ਪਿਤਰ ਤਜ ਜਾਇ ।
(੪) ਪਾਨੀ ਤਾਂਕੇ ਹਾਥ ਕੋ, ਮਦਰਾ ਸਮ ਆਪ ਦਾਇ ।
(੫) ਮਦਰਾ ਦਹਿਤਾ ਸਕਲ ਕੁਲ, ਭੰਗ ਦਹੇ ਕੁਲ ਏਕ ।
(੬) ਸਤਿ ਕੁਲ ਦਹਿਤਾ ਜਗਤ ਜੂਠ, ਨਿੰਦਾ ਦੋਹੇਂ ਅਨੇਕ ।

ਅਰਥ—(੩) ਤਨਕ-ਤੀਖੇ ਮਾਤਰ ਵੀ ਤਮਾਕੂ ਵਰਤੀਏ, ਉਸਦੇ ਪਿਤਰ ਦੇਵਤਾ ਕੁਲ ਨੂੰ ਛੱਡ ਜਾਣਗੇ ।

(੪) ਉਨ੍ਹਾਂ ਦੇ ਹੱਥਾਂ ਦਾ ਪਾਣੀ, ਸ਼ਰਾਬ ਵਾਂਗੂ ਹੈ ।
(੫) ਸ਼ਰਾਬ ਪੀਣ ਵਾਲੇ ਦੀਆਂ ੭ ਕੁਲਾਂ ਨਰਕ ਨੂੰ ਜਾਣਗੀਆਂ ।
(੬) ੭ ਕੁਲਾਂ ਜਗਤ ਜੂਠ ਪੀਣ ਵਾਲੇ ਵੀ ਨਰਕ ਨੂੰ ਜਾਣਗੀਆਂ ।
(੭) ੭ ਕੁਲਾਂ ਜਗਤ ਜੂਠ ਪੀਣ ਵਾਲੇ ਵੀ ਨਰਕ ਨੂੰ ਜਾਣਗੀਆਂ ਅਤੇ ਨਿੰਦਾ ਕਰਨ ਵਾਲੇ ਦੀਆਂ ਅਨੇਕ ਕੁਲਾਂ ਨਰਕ ਨੂੰ ਜਾਣਗੀਆਂ । (ਪਦਮ ਪੁਰਾਣ ਦੀ ਲਿਖਤ ਵਿਚੋਂ)

ਧੂਮ੍ਰ ਪਾਨੰ ਵਿਪ੍ਰੰ-ਦਾਨੰ ਕੁਰਵੰਤ ਚ—ਨਰ+ਗ੍ਰਾਮ ਸੂਕਰਹ ।

ਤਮਾਕੂ ਪੀਣ ਵਾਸਤੇ ਲਿਖਿਆ ਹੈ ਕਿ ਤਮਾਕੂ ਪੀਣ ਵਾਲੇ ਬ੍ਰਾਹਮਣ ਨੂੰ ਦਾਨ ਦੇਣ ਵਾਲਾ ਗ੍ਰਾਮ ਦਾ ਸੂਰ ਬਣਦਾ ਹੈ—ਵਿਸਟਾ ਖਾਂਦਾ ਹੈ । (ਪਦਮ ਪੁਰਾਣ ਵਿਚੋਂ)



Namdhari Elibrary NamdhariElibrary@gmail.com

ਮੁਸਲਮਾਨੀ ਰਾਜ ਦੇ ਅਸਰ ਨਾਲ ਕਿਸੇ ਕਿਸਮਤ ਵਾਲੇ ਹਿੰਦੂ ਦਾ ਘਰ ਹੁਕੇ ਤੋਂ ਬਚਿਆ ਹੋਵੇਗਾ। ਰਾਜਿਆਂ ਅਤੇ ਅਮੀਰਾਂ ਦੇ ਘਰੀਂ ਤਾਂ ਸੋਨੇ ਦੇ ਹੁਕੇ ਹੁੰਦੇ ਸਨ।

ਤਮਾਕੂ ਦੀ ਵਰਤੋਂ ਨਾਲ ਪਾਠ ਤੇ ਵੇਦ ਮੰਤ੍ਰਾਂ ਦੀ ਸ਼ਕਤੀ ਖਤਮ ਹੋ ਗਈ। ਜਿਸ ਨਾਲ ਦੇਸ਼ ਅਤੇ ਧਰਮ ਗੁਲਾਮ ਹੋ ਗਿਆ। ਸਾਡੀਆਂ ਜਵਾਨ ਲੜਕੀਆਂ ਵਿਕਣੀਆਂ ਸ਼ੁਰੂ ਹੋ ਗਈਆਂ। ਇਸੇ ਕਰਕੇ ਦਸਮ ਪਾਤਸ਼ਾਹ ਜੀ ਨੇ ਹਿੰਦੂ ਧਰਮ ਨੂੰ ਖਾਲਸ ਕਰਕੇ ਖਾਲਸਾ ਸਾਜਿਆ ਅਤੇ ਸਭ ਤੋਂ ਸਖਤ ਪਾਬੰਦੀ ਤਮਾਕੂ ਉਤੇ ਲਗਾਈ। ਚੋਥੀ ਕੁਰਹਿਤ ਵਿਚ ਸ਼ਾਮਲ ਕੀਤਾ। ਤਮਾਕੂ ਪੀਣ ਵਾਲੇ ਨਾਲ ਤਿਆਗ ਕਰ ਛਡਿਆ। ਇਥੋਂ ਤਕ ਸਚੇ ਪਾਤਸ਼ਾਹ ਦੇ ਘੋੜੇ ਨੇ ਵੀ ਤਮਾਕੂ ਦਾ ਏਨਾ ਤਿਆਗ ਕੀਤਾ ਕਿ ਤਮਾਕੂ ਬੀਜੇ ਖੇਤ ਵਿਚੋਂ ਦੀ ਲੰਘਣੋਂ ਇਨਕਾਰ ਕਰ ਦਿਤਾ। ਜੇਕਰ ਇੰਨੀ ਸਖਤ ਪਾਬੰਦੀ ਉਸ ਵਕਤ ਨਾ ਲਾਉਂਦੇ ਤਾਂ ਹਥ ਲਾਉਣ ਦੀ ਵੀ ਇਜਾਜਤ ਹੁੰਦੀ ਤੇ ਅਜ ਹਰ ਗੁਰਸਿਖ ਨੌਜਵਾਨ ਦੇ ਮੂੰਹ ਵਿਚ ਤਮਾਕੂ ਨੋਸ਼ੀ ਸਿਗਰਟ ਹੁੰਦੀ। ਹੁਣ ਤਕ ਇਤਨਾ ਨੁਕਸਾਨ ਕਰਾ ਕੇ ਡਾਕਟਰੀ ਸਾਇੰਸ ਵੀ ਅਜ ਸਮਝੀ ਹੈ।

## ਸ਼ਰਾਬ ਪੀਣ ਬਾਬਤ ਗੁਰੂ ਨਾਨਕ ਜੀ ਦਾ ਹੁਕਮ

ਮਾਨਸ ਭਰਿਆ ਆਣਿਆ ਮਾਣਸ ਭਰਿਆ ਆਇ।
ਜਿਤੁ ਪੀਤੈ ਮਤਿ ਦੂਰ ਹੋਇ ਬਰਲ ਪਵੈ ਵਿਚ ਆਇ।
ਬਰੂਲ (ਚੋਰਾਸੀ ਦਾ ਗੇੜਾ) ਜਾਂ (ਕਲੇਸ਼) ਆਪਣਾ ਪਰਾਇਆ ਨਾ ਪਛਾਣਈ,
ਖਸਮਹੁ ਧੱਕੇ ਖਾਇ।

ਜਿਤੁ ਪੀਤੈ ਖਸਮੁ ਵੀਸਰੈ, ਦਰਗਹ ਮਿਲੈ ਸਜਾਇ।
ਝੂਠਾ ਮਦੁ ਮੂਲ ਨਾ ਪੀਚਈ, ਜੇਕਾ ਪਾਰ ਵਸਾਇ ਪਾਰ (ਪਾਰਬ੍ਰਹਮ)।
ਨਾਨਕ ਨਦਰੀ ਸਚੁ ਮਦੁ ਪਾਈਐ, ਸਤਿਗੁਰ ਮਿਲੈ ਜਿਸ ਆਇ।
(ਮ: ੧, ਪੰਨਾ ੫੫੪ ਆਦਿ ਗਰੰਥ)

ਸ਼ਰਾਬ ਪੀਣ ਵਾਲੇ ਵੀਰ ਤਾਂ ਕਹਿੰਦੇ ਹਨ ਕਿ ਇਹ ਤਾਂ ਗੰਨੇ ਦਾ ਅਰਕ ਹੈ। ਪਰ ਇਹ ਦੋ ਅਖਰਾਂ ਦਾ ਜੋੜ ਹੈ—

ਸ਼ਰਾਰਤ ਦਾ ਆਬ (ਪਾਣੀ) (ਸ਼ਰਰ+ਆਬ)

## ਦੁਆਪਰ ਦੇ ਅਵਤਾਰ ਕ੍ਰਿਸ਼ਨ ਭਗਵਾਨ ਜੀ ਦੀ ਕੁਲ ਵਿਚ ਸ਼ਰਾਬ

ਭਗਵਾਨ ਜੀ ਦੀ ਕੁਲ ਯਾਦਵਾਂ ਨੇ ਇਕ ਦਿਨ ਸ਼ਰਾਬ ਪੀਤੀ ਦੇ ਮਧ ਵਿਚ ਇਕ ਲੜਕੇ ਦੇ ਪੇਟ ਤੇ ਕੜਾਹੀ ਬੰਨ੍ਹ ਕੇ ਦੁਰਬਾਸਾ ਰਿਖੀ ਜੀ ਨੂੰ ਜਾ ਪੁਛਿਆ ਕਿ ਇਸ ਔਰਤ ਦੇ ਪੇਟ ਵਿਚੋਂ ਕੀ ਪੈਦਾ ਹੋਏਗਾ ?

ਮਹਾਤਮਾ ਕਿਹਾ ਕਿ ਜਾਉ, ਫਕੀਰਾਂ ਨਾਲ ਮਸ਼ਕਰੀ ਨਹੀਂ ਕਰੀਦੀ। (ਸੰਤਨ ਸੋਤੀ ਮਸਕਰੀ ਕੁਲ ਡੋਬਨ ਕੀ ਰੀਤ।) ਪਰ ਸ਼ਰਾਰਤ ਦਾ ਪਾਣੀ ਅਤੇ ਮਤ ਦੂਰ ਕਰਨ ਵਾਲੀ ਚੀਜ ਅੰਦਰ ਗਈ ਹੋਈ ਸੀ, ਨਾ ਬਾਜ ਆਏ। ਅਗੋ ਦੁਰਬਾਸ਼ਾ ਰਿਖੀ ਹਜਾਰਾਂ ਬਰਸਾਂ ਦੀ



Namdhari Elibrary NamdhariElibrary@gmail.com

ਤਪਸਿਆ ਰਿਧੀਆਂ ਸਿਧੀਆਂ ਦੇ ਮਾਲਕ ਕਹਿ ਦਿਤਾ ਬਚਨ ਕਿ ਇਸ ਵਿਚੋਂ ਜੋ ਪੈਦਾ ਹੋਏਗਾ ਉਹ ਤੁਹਾਡੀ ਕੁਲ ਦਾ ਨਾਸ ਕਰੇਗਾ । ਠੰਡੇ ਹੋ ਕੇ ਘਰਾਂ ਨੂੰ ਆ ਗਏ । ਸਿਆਣਿਆਂ ਨੂੰ ਪਤਾ ਲਗਾਂ ਕਿ ਇਹ ਬਚਨ ਸਾਧੂ ਦਾ ਕਿਹਾ ਤਾਂ ਭਗਵਾਨ ਵੀ ਨਾ ਮੋੜ ਸਕੇਗਾ । ਫੇਰ ਵੀ ਜੋ ਤਾਂ ਮਤ ਕੇ ਓਹਨਾਂ ਪਾਸੋਂ ਬਖਸ਼ਾਉਂਦੇ, ਨਹੀਂ ਮਤ ਜੋ ਮਾਰੀ ਗਈ ਸੀ । ਮਤ ਮਾਰਨ ਵਾਲੀ ਚੀਜ਼ ਅੰਦਰ ਗਈ ਹੋਈ ਸੀ । ਲਗੇ ਚਤਰਾਈ ਘੋਲਨ ਉਸੇ ਲੋਹੇ ਦੇ ਬਾਟੇ (ਕੜਾਹੀ) ਨੂੰ ਰਗੜ ਰਗੜ ਕੇ ਦਰਿਆ ਵਿਚ ਸੁਟਣਾ ਸ਼ੁਰੂ ਕੀਤਾ । ਜਿਸਦੀ ਦਿੱਬ ਹੋ ਕੇ ਉਗੀ । ਉਸੇ ਕਾਨਿਆਂ ਦੀ ਦਿਬ ਦੇ ਤੀਰ ਬਣੇ ਤੇ ਸ਼ਰਾਬ ਪੀਕੇ ਯਾਦਵ ਆਪਸ ਵਿਚ ਲੜੇ, ਖਤਮ ਹੋ ਗਏ ।

ਬਾਕੀ ਰਹੇ ਭਗਵਾਨ ਜੀ ਸਾਧੂ ਦਾ ਬਚਨ ਪੂਰਾ ਕਰਨਾ ਸੀ ਅਤੇ ਸ਼ਰਾਬ ਪੀਣ ਦਾ ਫ਼ਲ ਦਸਣਾ ਸੀ । ਉਸੇ ਕੜਾਹੀ (ਬਾਟੇ) ਨੂੰ ਰਗੜਦਿਆਂ ਇਕ ਤਿਖਾ ਟੁਕੜਾ ਬਾਕੀ ਬਚਿਆ ਚਕ ਕੇ ਦਰਿਆ ਵਿਚ ਸੁਟਿਆ । ਮੱਛੀ ਨੇ ਅੰਦਰ ਲੰਘਾ ਲਿਆ । ਮੱਛੀ ਸ਼ਿਕਾਰੀ ਦੇ ਹੱਥ ਆਈ । ਉਹੋ ਲੋਹੇ ਦਾ ਤਿਖਾ ਟੁਕੜਾ ਤੀਰ ਦੀ ਮੁਖੀ ਨੂੰ ਲਾ ਲਿਆ । ਭਾਵੀ ਨੇ ਵਕਰ ਲੈ ਆਂਦਾ ।

ਭਗਵਾਨ ਜੀ ਸੁਤੇ ਪਦੇ ਸੀ, ਜੰਗਲ ਵਿਚ ਸ਼ਿਕਾਰੀ ਆਇਆ । ਭਗਵਾਨ ਜੀ ਪੈਰ ਗਡੇ ਤੇ ਰਖਿਆ ਸੀ । ਪੈਰ ਵਿਚ ਪਦਮ ਚਮਕਿਆ । ਸ਼ਿਕਾਰੀ ਨੇ ਹਿਰਨ ਦੀ ਅੱਖ ਸਮਝ ਕੇ ਤੀਰ ਮਾਰਿਆ । ਜਦ ਕੋਲ ਆਇਆ ਤੇ ਦੇਖ ਕੇ ਪਛਤਾਇਆ । ਬਖਸ਼ਿਸ਼ ਮੰਗੀ, ਭਗਵਾਨ ਜੀ ਕਿਹਾ ਤੇਰਾ ਕਸੂਰ ਨਹੀਂ ।

(੧) ਪਹਿਲਾਂ ਸ਼ਰਾਬ ਦਾ ਫਲ (੨) ਸਾਧੂ ਨੂੰ ਮਸ਼ਕਰੀ (੩) ਤੂੰ ਵੀ ਸ਼ਿਕਾਰ ਕਰਨ ਦਾ ਕੰਮ ਜੀਵ ਹਤਿਆ ਕਰੀ ਜਾਂਦਾ ਹੈਂ । ਅਸੀਂ ਸ਼ਕਤੀ ਦਿਖਾਉਣ ਨੂੰ ਅਵਤਾਰ ਨਹੀਂ ਧਾਰਿਆ ਅਸੀਂ ਮਰਯਾਦਾ ਕਾਇਮ ਰਖਣੀ ਹੈ । ਸੋ ਤੂੰ ਸ਼ਿਕਾਰ ਖੇਡਣਾ ਛੱਡ ਦੇ, ਬਖਸ਼ਿਸ਼ ਹੋ ਜਾਏਗੀ । ਸਾਡੀ ਬੈਕੁੰਠ ਨੂੰ ਤਿਆਰੀ ਹੈ ।

ਗੁਰਬਾਣੀ ਦੀ ਗਵਾਹੀ—

ਦੁਰਬਾਸ਼ਾ ਸਿਉ ਕਰਤ ਠਗਉਰੀ ਜਾਦਵ ਇਹ ਫਲ ਪਾਏ । (ਨਾਮਦੇਵ ਜੀ)

## ਔਰੰਗਜ਼ੇਬ ਦੀ ਪੂਰਬਲੇ ਜਨਮ ਦੀ ਕਥਾ

(ਗੁਰਿੰਡਨਾਮਾ ਗ੍ਰੰਥ ਵਿਚੋਂ)

ਔਰੰਗਜੇਬ ਪੂਰਬਲੇ ਜਨਮ ਵਿਚ ਦੇਵਤਾ ਸੀ । ਜਿਸਦਾ ਨਾਮ ਸੁਧਰ ਸਪਸ਼ਟ ਸੀ ਅਤੇ ਦਸਮ ਪਾਤਸ਼ਾਹ ਜੀ ਦੇ ਨਾਲ ਹੀ ਹੇਮਕੁੰਡ ਵਿਚ ਤਪਸਿਆ ਕਰਦਾ ਸੀ । ਜਦ ਕਿ ਪਾਤਸ਼ਾਹ ਦਾ ਨਾਮ ਦੁਸ਼ਟ ਦਮਨ ਸੀ ਅਤੇ ਤਰੇਤੇ ਦੁਆਪਰ ਤੋਂ ਇਥੇ ਤਪਸਿਆ ਕਰ ਰਹੇ ਸਨ ।

ਔਰੰਗਜੇਬ ਨੇ ਇਕ ਦਿਨ ਰਾਖਸ਼ਾਂ ਦੀ ਸੰਗਤ ਵਿਚ ਜਾ ਕੇ ਸ਼ਰਾਬ ਪੀਤੀ ਅਤੇ ਗਊ ਦਾ ਦੁਧ ਅਨਪੁਣਿਆ ਪੀ ਗਿਆ । ਜੋ ਦੇਵਤਿਆਂ ਦੀ ਮਰਿਆਦਾ ਦੇ ਉਲਟ ਸੀ, ਆ ਕੇ

ਸਮਾਧੀ ਵਿਚ ਦਸਮ ਦੁਆਰ ਪਹੁੰਚਾ ਤਾਂ ਅਕਾਲ ਪੁਰਖ ਵਲੋਂ ਸਰਾਫ ਹੋ ਗਿਆ ਕਿ ਜਾ ਉਏ ਮਲੇਸ਼ ਬੁਧ ਤੈਨੂੰ ਮਲੇਸ਼ ਦੇ ਘਰ ਜਨਮ ਲੈਣਾ ਪਏਗਾ ਅਤੇ ਤਪਸਿਆ ਦਾ ਫ਼ਲ ਰਾਜ ਮਿਲ ਜਾਏਗਾ । ਕਿਉਂਕਿ ਗੁਰਬਾਣੀ ਦਾ ਕਥਨ ਹੈ—

ਮਨ ਨਿਰਮਲ ਨਹੀਂ ਦਸਮਾਂ ਦੁਆਰ ।
ਭਰਮ ਭਰਮ ਆਵੈ ਮੂੜਾ ਬਾਰੋ ਬਾਰ ।

ਨਾਲ ਹੀ ਮਤ ਦੂਰ ਵਾਲੀ ਚੀਜ ਪੀਤੀ ਹੋਈ ਸੀ । ਉਥੋਂ ਹੀ ਬੋਲਾ ਕਰਨ ਲਗ ਪਿਆ । ਹਮ ਦੋ ਸੇ ਏਕ, ਹਮ ਦੋ ਸੇ ਏਕ—ਭਾਵ ਕਿ ਮੈਂ ਆਪਣੇ ਰਾਜ ਵਿਚ ਇਕੋਂ ਮਲੇਸ਼ ਹੀ ਮਲੇਸ਼ ਸਾਰੀ ਪਰਜਾ ਨੂੰ ਕਰ ਦੇਵਾਂਗਾ ।

ਇਧਰ ਦੁਸ਼ਟ-ਦਮਨ (ਦਸਮ ਪਾਤਸ਼ਾਹ) ਜੀ ਨੂੰ ਵੀ ਅਵਤਾਰ ਧਾਰਨ ਦਾ ਹੁਕਮ ਮਿਲ ਚੁਕਾ ਸੀ । ਜਦੋਂ ਪਾਤਸ਼ਾਹ ਨੇ ਇਹ ਆਵਾਜਾਂ ਸੁਣੀਆਂ ਤਾਂ ਜਵਾਬ ਦਿੱਤਾ ਕਿ (ਅਸੀਂ ਦੋ ਤੋਂ ਤਿੰਨ) ਤੀਸਰਾ ਪੰਥ ਪ੍ਰਗਟ ਕਰਨਾ ਹੈ । ਸੁਧਰ ਸਪੱਸ਼ਟ ਕਿਹਾ ਤੁਸੀਂ ਮੇਰੇ ਰਾਜ ਵਿਚ ਦਖਲ ਨਹੀਂ ਦੇ ਸਕਦੇ, ਮੇਰੇ ਤੋਂ ਬਾਅਦ ਵਿਚ ਆਉਗੇ । ਪਾਤਸ਼ਾਹ ਕਿਹਾ ! ਕਿ ਜੇ ਤੂੰ ਜ਼ੋਰ-ਜ਼ੁਲਮ ਨਾਲ ਦੋ ਤੋਂ ਇਕ ਕਰਨੇ ਸ਼ੁਰੂ ਕੀਤੇ ਤਾਂ ਅਸੀਂ ੪੦ ਸਾਲ ਉਧਾਰੇ ਲੈ ਕੇ ਪਹਿਲਾਂ ਆ ਜਾਵਾਂਗੇ । ਦੋ ਤੋਂ ਇਕ ਨਹੀਂ ਹੋਣ ਦਿਆਂਗੇ । ਅਸੀਂ ਤੀਸਰਾ ਪੰਥ ਰਚਕੇ ਤੇਰੀ ਬਾਦਸਾਹੀ ਵੀ ਖਤਮ ਕਰਾਂਗੇ । ਸਾਰਾ ਕੁਝ ਇੰਞ ਹੀ ਹੋਇਆ । ਇਤਿਹਾਸ ਗਵਾਹ ਹੈ । ਔਰੰਗਜੇਬ ਦੀ ਹਜਾਰਾਂ ਬਰਸਾਂ ਦੀ ਤਪੱਸਿਆ ਇਕ ਦਫਾ ਸ਼ਰਾਬ ਪੀਣ ਦਾ ਫਲ—ਨਸ਼ਟ ਹੋ ਗਈ ।

ਜਿਸੁ ਪੀਤੇ ਮੱਤ ਦੂਰ ਹੋਇ ਬਰਲ ਪਵੈ ਵਿਚ ਆਇ (ਬਰਲ)। (ਚੌਰਾਸੀ ਦੇ ਗੇੜੇ ਵਿਚ ਪੈ ਗਿਆ)।

## ਸਿੱਖ ਰਾਜ ਦੇ ਵਕਤ ਸ਼ਰਾਬ-ਮਾਸ

ਸਿੱਖ ਰਾਜ ਦੇ ਅੰਤਲੇ ਸਮੇਂ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਸ਼ਰਾਰਤੀ ਵਜ਼ੀਰ ਮੰਡਲੀ ਦੀ ਭੈੜੀ ਸੰਗਤ ਨਾਲ ਮਾਸ-ਸ਼ਰਾਬ ਦੀ ਆਦਤ ਹੋਈ । ਉਸਦੀ ਰੀਸੇ ਸਰਦਾਰ ਵੀ ਵਿਗੜੇ । ਚਾਲ-ਚਲਨ ਵੀ ਵਿਗੜੇ । ਮੱਤ ਦੂਰ ਹੋ ਗਈ (ਬਰਲ) ਕਲੇਸ਼ ਨੇ ਆ ਡੇਰੇ ਲਾਏ । ਆਪਣਾ ਪ੍ਰਵਾਰ ਹੀ ਆਪਸ ਵਿਚ ਦੁਸ਼ਮਣ ਬਣ ਗਿਆ । ਇਸੇ ਦੀ ਕ੍ਰਿਪਾ ਨਾਲ ਇਕ ਦੂਸਰੇ ਦੇ ਹੱਥੋਂ ਪ੍ਰਵਾਰ ਖਤਮ ਹੋ ਗਿਆ ।

ਅੰਗਰੇਜ਼ ਦੀ ਚਾਲ ਨਾਲ ਪਹਿਲਾਂ ਸ਼ਰਾਬ-ਮਾਸ ਫਿਰ ਖੱਦਫੈਲਾ ਅਤੇ ਤਬਾਹੀ ਹੋਈ । ਪੰਜਾਬ ਆਜ਼ਾਦ ਹੋ ਕੇ ਮਤ ਗੁਲਾਮ ਹੋਇਆ । ਦੇਸ਼ ਦੇ ਨਾਲ ਹੀ ਧਰਮ ਵੀ ਗੁਲਾਮ ਹੋਣ ਹੀ ਵਾਲਾ ਸੀ, ਜਦ ਕਿ ਗੁਰੂ ਨਾਨਕ ਦੇ ਬਾਰਵੇਂ ਸਰੂਪ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਗੁਰੂ ਰਾਮ ਸਿੰਘ ਜੀ ਨੇ ਪ੍ਰਗਟ ਹੋ ਕੇ ਸਿੱਖ ਧਰਮ ਦੀ ਬਾਹ ਫੜੀ । ਅਤੇ ਮੁੜ ਸਿੱਖੀ ਸਾਜਕੇ ਉਸ ਵਿਚ ਮਾਸ-ਸ਼ਰਾਬ ਦਾ ਪੂਰਨ ਤਿਆਗ ਕੀਤਾ ਕਿ ਮਾਸ-ਸ਼ਰਾਬ ਖਾਣ ਵਾਲੇ ਦੇ ਘਰ ਦਾ ਅਤੇ ਕਮਾਈ ਦਾ ਵੀ ਅੰਨ-ਜਲ ਨਹੀਂ ਖਾਣਾ । ਜਿਵੇਂ ਅੱਜ ਵੀ ਦਸਮ ਪਾਤਸ਼ਾਹ ਦੀ ਮਰਯਾਦਾ ਦੀ ਮਿਸਾਲ ਸੱਚਖੰਡ ਹਜ਼ੂਰ ਸਾਹਿਬ ਦੇ ਗਹੌਬੀ ਅੰਗੀਠੇ ਦੇ

ਸੇਵਾਦਾਰ ਦੀ ਹੈ। ਸਤਿਗੁਰਾਂ ਦੀ ਕ੍ਰਿਪਾ ਨਾਲ ਅੱਜ ਤੱਕ ਨਾਮਧਾਰੀ ਪੰਥ ਸੰਤ ਖਾਲਸਾ ਇਸ ਬਲਾਮਤ ਤੋਂ ਬਚਿਆ ਹੋਇਆ ਹੈ।

## ਜਾਤ-ਪਾਤ ਦਾ ਭੇਦ ਜੂਠ ਖਾਣ ਬਾਬਤ

ਕਈ ਵੀਰ ਦਸਮ ਪਾਤਸ਼ਾਹ ਜੀ ਦੀ ਇਸ ਤੁਕ ਨੂੰ ਮੁੱਖ ਰੱਖਕੇ ਕਿ (ਮਾਨਸ ਕੀ ਜਾਤ ਸਭੈ ਏਕੈ ਹੀ ਪਹਚਾਨ ਬੋ) ਇਕ ਦੂਸਰੇ ਨਾਲ, ਇਕੱਠੇ ਇਕ ਥਾਲੀ ਵਿਚ ਖਾਣ ਨੂੰ ਹੀ ਮਰਯਾਦਾ ਸਮਝਦੇ ਹਨ। ਅਤੇ ਦੂਸਰੀਆਂ ਤੁਕਾਂ ਨੂੰ ਭੁਲਾ ਦਿੰਦੇ ਹਨ ਕਿ (ਜਹਾਂ ਤਹਾਂ ਕਾ ਛਕੇ ਪ੍ਰਸ਼ਾਦ ਸਿਖ ਨਹੀਂ ਮੇਰਾ ਆਦਿ-ਜੁਗਾਦਿ)। ਊਚ-ਨੀਚ ਦਾ ਭੇਦ ਮਿਟਾਉਣ ਵਾਸਤੇ ਨੀਵੇਂ ਗ਼ਰੀਬ ਦੀ ਸਹਾਇਤਾ ਕਰਨਾ ਹੈ। ਭੁੱਖੇ ਨੂੰ ਰੋਟੀ, ਨੰਗੇ ਨੂੰ ਕਪੜਾ, ਬੀਮਾਰ, ਲੰਗੜੇ-ਲੂਲੇ ਦੀ ਸੇਵਾ ਕਰਨਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਰਸੋਇਆ ਗੰਗੂ ਬ੍ਰਾਹਮਣ ਇੱਕੀ ਸਾਲ ਰਿਹਾ ਕਿ ਕੋਈ ਗੁਰ ਸਿੱਖ ਛੋਟੀ ਜਾਤੀ ਦਾ ਨਹੀਂ ਸੀ ਮਿਲਿਆ। ਸੋ ਪਿਆਰ ਜੂਠ ਖਾਣ ਵਿਚ ਨਹੀਂ, ਅੱਜ ਤੱਕ ਰੋਟੀ ਅਤੇ ਬੇਟੀ ਦੀ ਸਾਂਝ ਕਿਸੇ ਵੀ ਗੁਰੂ ਨੇ ਨਹੀਂ ਕੀਤੀ।

ਸਾਰੇ ਹੀ ਧਾਰਮਿਕ ਅਸੂਲ ਮਾਸ-ਸ਼ਰਾਬ, ਨਸ਼ੀਲੀ-ਚਟਕੀਲੀ, ਤੇਜ਼ਾਬੀ ਖੁਰਾਕ ਦੀ ਮਨਾਹੀ ਕਰਦੇ ਹਨ। ਸਿਹਤ ਨੂੰ ਬਲਹੀਨ ਕਰਕੇ ਬਿਰਤੀ ਨੂੰ ਵੀ ਖਰਾਬ ਗਲਖ ਤੇ ਚੰਚਲ ਬਣਾਉਂਦੀ ਹੈ। ਸੁਭਾਅ ਵਿਚੋਂ ਸ਼ਾਂਤੀ ਤੇ ਧੀਰਜ ਨੂੰ ਖਤਮ ਕਰਦੀ ਹੈ ਜਿਸ ਨਾਲ ਸੰਸਾਰੀ ਕਲੇਸ਼ ਪੈਦਾ ਹੁੰਦੇ ਹਨ। ਹਕੂਮਤਾਂ ਵਿਚ, ਧਰਮ ਅਸਥਾਨਾਂ ਵਿਚ ਅਤੇ ਖਾਨਦਾਨਾਂ ਵਿਚ ਕਲੇਸ਼ ਵੱਧ ਰਿਹਾ ਹੈ। ਗੁਰਬਾਣੀ ਅਤੇ ਇਤਿਹਾਸ ਦਾ ਬਹਾਨਾ ਕਈ ਪੜ੍ਹੇ-ਲਿਖੇ ਵਿਦਵਾਨਾਂ, ਪ੍ਰਚਾਰਕਾਂ ਪਾਸੋਂ ਸੁਣੀਂਦਾ ਹੈ ਕਿ ਗੁਰਬਾਣੀ ਅਤੇ ਇਤਿਹਾਸ ਵਿਚ ਮਾਸ-ਖਾਣ ਬਾਰੇ ਨਿਰਣਾ ਕਰਕੇ ਨਹੀਂ ਦਸਿਆ। ਸੋਚਣ ਵਾਲੀ ਗੱਲ ਇਹ ਹੈ ਕਿ ਇਕ ਵਿਚਾਰ ਨਾਲ ਆਪਾਂ ਸਾਰੇ ਹੀ ਸਹਿਮਤ ਹਾਂ ਕਿ ਕਿਸੇ ਮਰਯਾਦਾ ਜਾਂ ਇਤਿਹਾਸ ਦੇ ਸ਼ੰਕੇ ਦਾ ਨਿਰਣਾ ਗੁਰਬਾਣੀ ਦੀ ਕਸੌਟੀ ਨਾਲ ਕਰ ਸਕਦੇ ਹਾਂ। ਅਤੇ ਗੁਰ ਕੀ ਬਾਣੀ ਨੂੰ ਅਸੀਂ ਗੁਰੂਆਂ ਦੀ ਬਾਣੀ, ਗੁਰੂਆਂ ਦਾ ਆਤਮ ਸਰੂਪ ਵੀ ਮੰਨਦੇ ਹਾਂ ਤਾਂ ਫਿਰ ਇਸ ਵਿਚ ਪੂਰਾ ਨਿਰਣਾ ਨਾ ਹੋਇਆ ਤਾਂ ਫਿਰ ਪੂਰਨ ਕਿਵੇਂ ਹੋਈ। ਫਿਰ ਇਸ ਤੋਂ ਉਪਰ ਅਸੀਂ ਫੈਸਲਾ ਕਿਥੋਂ ਕਰਾਂਗੇ। ਇਤਿਹਾਸ ਤਾਂ ਮਹਾਂ ਪੁਰਸ਼ਾਂ, ਗੁਰੂਆਂ ਦਾ ਮੁੱਖ ਵਾਕ ਨਹੀਂ ਹੁੰਦਾ ਉਸਦੇ ਲਿਖਣ ਵਾਲੇ ਬਾਦ ਵਿਚ ਲਿਖਦੇ ਹਨ।

ਇਸੇ ਹੀ ਨਿਯਮ ਅਨੁਸਾਰ ਦਾਸ ਨੇ ਇਹ ਵਿਚਾਰ ਸਤਿਗੁਰੂ ਦੀ ਬਖਸ਼ੀ ਹੋਈ ਬੁੱਧੀ ਨਾਲ ਗੁਰੂਆਂ ਦੀ ਬਾਣੀ, ਇਤਿਹਾਸ ਪ੍ਰਤੱਖ ਗੁਰੂ ਦੇ ਬਚਨਾਂ ਦਾ ਆਸ਼ਾ ਲੈ ਕੇ ਲਿਖੇ ਹਨ ਪੂਰਨ ਤਾਂ ਸਤਿਗੁਰੂ ਬਗੈਰ ਹੋਰ ਕੋਈ ਹੈ ਹੀ ਨਹੀਂ। ਇਸ ਟੁਟੀ-ਫੁੱਟੀ ਲਿਖਤ ਨੂੰ ਪ੍ਰਵਾਨ ਕਰਨਾ। ਦਾਸ ਦੀ ਭਾਵਨਾ ਦੀ ਹੌਂਸਲਾ ਅਫਜ਼ਾਈ ਕਰਨੀ। ਅਤੇ ਗਰਾਮਰ ਲਗਾ, ਕੰਨੇ

ਦੀਆਂ ਗਲਤੀਆਂ ਨੂੰ ਆਪ ਹੀ ਸੋਧ ਲੈਣਾ ।

ਆਖਿਰ ਵਿਚ ਇਹ ਕਵਿਤਾ —

ਦੇਖਣ ਵਿਚ ਕਈ ਵੀਰ ਸਿਖੀ ਪਹਰਾਵਾਂ ਪੂਰਾ ।
ਪੰਜੋ ਕੱਕਾਰ ਅਤੇ ਕੇਸ-ਦਾੜ੍ਹੀ ਰਾਖੇਂ ਹੈਂ ।
ਗੁਰੂ ਨਾਨਕ, ਦਸਮ ਗੁਰੂ ਜਪਦੇ ਨੇ ਗੁਰੂ ਗੁਰੂ ।
ਦਸਾਂ ਹੀ ਗੁਰਾਂ ਕੀ ਬਾਣੀ ਸਿਖ ਵੀ ਕਹਿਲਾਤੇ ਹੈਂ ।
ਨਿਤ-ਨੇਮੀ ਅਖੰਡ-ਪਾਠੀ, ਗੁਣੀ-ਗਿਆਨੀ ।
ਵਿਦਵਾਨ ਪੂਰੇ ਬਣ ਲੇਖ ਵੀ ਛਪਵਾਤੇ ਹੈਂ ।
ਬੋਲਨੇ ਮੇਂ ਸੋਹਣਾ ਬੋਲ, ਕਥਨੀ ਮੇਂ ਪੂਰਾ ਜ਼ੋਰ ।
ਪੜ੍ਹਨੇ ਨੂੰ ਬਾਣੀ ਰਸ ਪਾਠ ਵੀ ਕਰਾਤੇ ਹੈਂ ।
ਗੁਰੂ ਬਾਣੀ ਇਸ਼ਟ ਮਾਨ ਕਰਕੇ ਅੰਮ੍ਰਿਤ ਪਾਨ ।
ਦੇਹਧਾਰੀ ਗੁਰੂ ਜੀ ਕੀ ਸ਼ਰਨੀ ਵੀ ਜਾਤੇ ਹੈਂ ।
ਪਰ ਖਾਣਾ-ਪੀਣਾ ਮਰਜ਼ੀ ਦਾ ਜੀਭ ਦੇ ਸਵਾਦ ਨਾਲ ।
ਝਟਕੇ ਦਾ ਮਾਸ ਖਾ ਕੇ ਪੈਗ ਵੀ ਲਗਾਤੇ ਹੈਂ ।
ਜੇ ਕੋ ਪੁਛੇ ਵੀਰ ਮੇਰੇ ਕਿਸਦੇ ਤੁਸੀਂ ਹੋ ਚੇਲੇ ।
ਗੁਰੂ ਬਾਣੀ ਕਾ ਵਾਕ ਪੂਰਾ ਪੜ੍ਹ ਵੀ ਸੁਨਾਤੇ ਹੈਂ ।
ਕੈਂਹਦੇ ਸਾਡਾ ਮਨ ਸਾਫ, ਅੰਦਰੋ ਹਾਂ ਅਸੀਂ ਪਾਕ ।
ਪਾਪ ਦੀ ਕਮਾਈ ਕਦੇ ਨੇੜੇ ਨਹੀਂ ਜਾਤੇ ਹੈਂ ।
ਗੁਰੂ ਘਰ, ਤੀਰਥਾਂ ਤੇ ਵਧ ਚੜ੍ਹ ਸੇਵਾ ਕਰ ।
ਪੂਰਾ ਦਸਵੰਦ ਕਰ ਦਾਨ ਵੀ ਕਰਾਤੇ ਹੈਂ ।
ਸਰਬ ਦੇ ਭਲੇ ਦੀ ਅਸੀਂ ਨਿਤ ਅਰਦਾਸ ਕਰ ।
ਹੱਥ ਜੋੜ ਗੁਰੂ ਅਗੇ ਸੀਸ ਵੀ ਨਿਵਾਤੇ ਹੈਂ ।
ਕੋਈ ਆਵੇ ਘਰ ਸਾਡੇ, ਭੁੱਖਾ ਨਾਹੀਂ ਕਦੇ ਜਾਵੇ ।
ਆਏ ਸਿਖ ਸਾਧ ਦੀ ਸੇਵਾ ਵੀ ਕਰਾਤੇ ਹੈਂ ।
ਪਰ ਖਾਣਾ-ਪੀਣਾ ਸਾਡਾ ਆਪਣੀ ਹੀ ਮਰਜ਼ੀ ਦਾ ।
ਮਹਾਂ ਪ੍ਰਸ਼ਾਦ ਅਸੀਂ ਘਰ ਵੀ ਪਕਾਤੇ ਹੈਂ ।
ਕਲਬਾਂ ਤੇ ਹੋਟਲਾਂ ਵਿਚ ਕਦੇ ਕੋਈ ਸੱਦ ਲਵੇ ।
ਜਾਤ-ਪਾਤ ਛੱਡਕੇ ਤੇ ਇਕ ਥਾਲੀ ਮੇਂ ਖਾਤੇ ਹੈਂ ।
ਉਨ੍ਹਾਂ ਵੀਰਾਂ ਤਾਂਈ ਦਾਸ ਹੱਥ ਜੋੜ ਪੁਛਦਾ ਹੈ ।


Namdhari Elibrary NamdhariElibrary@gmail.com

। ੧ਓ ਸਤਿਗੁਰੂ ਸ੍ਰੀ ਰਾਮ ਸਿੰਘ ਜੀ ਸਹਾਇ।

ਨਿਰਬਲ ਜੀਆਂ ਉਤੇ ਦਯਾ ਕੀ ਕਮਾਤੇ ਹੈਂ ।
ਧਰਮ ਹੈ ਦਯਾ ਦਾ ਪੂਤ, ਤੀਰਥਾਂ ਦਾ ਨਾਤ੍ਹਾਂ ਫਲ।
ਜੀਵ ਗਲੇ ਛੁਰੀ ਧਰ ਪੁੰਨ ਕੀ ਕਰਾਤੇ ਹੈਂ ।
ਦਾਸ ਤੇਜ ਪਿਆਰ ਵਸ ਅਰਜ ਕਰੇ ।
ਅੱਗੇ ਦਾ ਧਿਆਨ ਧਰੋ, ਜਮਡੰਡ ਸਹੇ ਨਰਕੋਂ ਮੇਂ ਫਾਸੇ ਹੈਂ।

ਸਤਿਗੁਰੂ ਅਤੇ ਸਾਧ ਸੰਗਤ ਦੇ ਚਰਨਾਂ ਦਾ ਦਾਸ

**—ਤੇਜਾ ਸਿੰਘ ਗਿਆਨੀ**

ਅਹਿੰਸਾ ਬਾਬਤ ਗੁਰੂ ਨਾਨਕ ਜੀ ਦਹੁਕਮ ਪ੍ਰਾਣ ਸੰਗਲੀ ਪਾਤਸ਼ਾਹੀ-੧

ਏਕ ਅਹਿੰਸਾ ਜਾਨੀਐ ਮਨ ਬਚ ਕਾਇਆਂ ਤੀਨ।
ਪਰ ਕੋ ਬੁਰਾ ਨਾ ਚਿਤਵਨਾ ਮਨ ਕੀ ਹਿੰਸਾ ਚੀਨ।
ਫਿਕਾ ਬੋਲ ਹਿਆਇ ਦੁਖਾਵੈ। ਹਿੰਸਾਂ ਬਚਨਨ ਕੀ ਕਹਲਾਵੈ।
ਤ੍ਰਿਤੀਆ ਮਾਰਨ ਜੀਅਨ ਕੇਰੀ। ਇਨਕੋ ਤਿਆਗੋ ਤੁਮ ਬਿਨੁ ਦੇਰੀ।

## ਕਵਿਤਾ ਦਾਸ ਵੱਲੋਂ—

ਕਟਨ ਨੂੰ ਜੋ ਛੁਰੀ ਬਨਾਵੇ । ਅਗੇ ਆਪਣਾ ਗਲਾ ਕਟਾਵੇ ।
ਮਾਸ ਬੂਚੜ ਦੇ ਜੋ ਨਰ ਬੇਚੇ । ਭਲੇ ਨਰਕ ਅਠਾਰਾਂ ਜੋਤੇ ।
ਕਰੇ ਹਲਾਲ ਜਾਂ ਮਾਰੇ ਝਟਕੇ । ਵਿਚ ਦਰਗਾਹ ਉਹ ਪੁਠਾ ਲਟਕੇ ।
ਵੱਢ ਕੱਟਕੇ ਲੈਕੇ ਵੇਚੇ । ਜੂਨ ਬਿਲੇ ਦੀ ਕਰੇਗਾ ਚੇਤੇ ।
ਹਿਰੰਨ ਦਾ ਕੰਮ ਜੋ ਕੋਈ ਕਰਦਾ । ਗਿਦੜ ਜੂਨ ਭੁਖਾ ਹੀ ਮਰਦਾ ।
ਜੀਭ ਸੁਆਦੀ ਜੋ ਨਰ ਖਾਵੇ । ਧਰਮ ਰਾਇ ਉਸ ਜੂਨੀ ਪਾਵੇ ।
ਸੁਣੇ ਪੁਕਾਰ ਨਾ ਫਿਰ ਪਛਤਾਵੇ । ਦਰ-ਦਰ ਨਰਕਾ ਧੱਕ ਖਾਵੇ ।
ਜਿਉਂ ਨਿਗੁਰਾਂ ਬਹੁਖਾਤਾਂ ਪਾਵੇ । ਨਹੀਂ ਹੁਣ ਸੁਣਦਾ ਚਤਰ ਕਹਾਵੇ ।
ਕਰੇ ਇਸ਼ਨਾਨ ਤੀਰਥੀ ਜਾਵੇ । ਬਾਣੀ ਪੜ੍ਹਕੇ ਮਾਸ ਤੂੰ ਖਾਵੇਂ ।
ਕੀਤਾ ਸਭ ਕੁਛ ਖੱਡੇ ਜਾਵੇ । ਮਰਨੋਂ ਬਾਦ ਫਿਰ ਜੂਨਾਂ ਪਾਵੇ ।
ਕਰੇ ਅਖੰਡ ਪਾਠ ਗਿਆਨੀ ਕਹਾਵੇ । ਅਖੰਡ ਨੂੰ ਖੰਡ-ਖੰਡ ਕਰ ਖਾਵੇ ।
ਕਰੇ ਇਸ਼ਨਾਨ ਸਵੇਰੇ ਤੜਕੇ । ਭੁੰਨੇ ਮਾਸ ਤ ਲਾਵੇਂ ਤੁੜਕੇ ।
ਗੁਰੂ ਨਾਨਕ ਤੈਨੂੰ ਪੁਛੇ ਫੜਕੇ । ਸੱਤ ਜਨਮ ਫਿਰ ਪੁਠਾ ਲਟਕੇ ।
ਕਰੇ ਉਪਦੇਸ਼ ਗੁਰੂ ਦਰ ਖੜਕੇ । ਬਣੇ ਸੰਤ ਹਥ ਮਾਲਾ ਫੜਕੇ ।
ਸੌਂਦਾ ਗੁਰੂ ਦੇ ਲਾਗੇ ਦਰ ਤੇ । ਗੁਰੂ ਪੁਛੇਗਾ ਸੰਘਿਓ ਫੜਕੇ ।
ਬਾਹਰੋਂ ਆਵੇਂ ਬੁਰੇ ਕੰਮ ਕਰਕੇ । ਤਤੇ ਥੰਮ ਲਾਵੇ ਜਮ ਮੜਦੇ ।
ਉਸ ਵਕਤ ਤੂੰ ਕੂਕੇਂ ਤੜਫੇਂ । ਹੁਣ ਤੂੰ ਸੌਂਦਾ ਗਲਾਂ ਕਰਕੇ ।
ਬਾਜ ਆਜਾ ਤੂੰ ਅਜੇ ਵੀ ਛੱਡਦੇ । ਪਛੋਂਤਾ ਫਿਰ ਰਹੇਗਾ ਭਲਕੇ ।

। ੧ਓ ਸਤਿਗੁਰੂ ਸ੍ਰੀ ਰਾਮ ਸਿੰਘ ਜੀ ਸਹਾਇ ।

ਅਜੇ ਵੀ ਮੌਕਾ ਸੁਣਲੈ ਕੰਨ ਦੇ । ਗੁਰੂ ਦਰ ਆਜਾ ਗੁਰੂ ਹੀ ਬਖਸ਼ੇ ।
ਦਾਸ ਤੇਜ਼ ਨਹੀਂ ਹੋਰ ਰਸਤੇ । ਬਿਨਾਂ ਗੁਰੂ ਨਹੀਂ ਕੋਈ ਬਖਸ਼ੇ ।

ਮਹਾਤਮਾਂ ਮਨੂੰ ਦਾ ਵਿਚਾਰ ਅੱਠ ਕਿਸਮ ਦੀ ਅਹਿੰਸਾ । ਅਧਿਆਇ-੫ ਸਲੋਕ-੫੧ ।

| | | |
|---|---|---|
| ੧. ਅਨਮਤਾ | ੨. ਵਸਿਸਤਾ | ੩. ਨਿਹੰਤਾ |
| ੪. ਕ੍ਰਿਆ ਵਿਕ੍ਰਈ | ੫. ਸੰਸਕਰਤਾ | ੬. ਚੋਪ ਕਰਤਾ |
| ੭. ਖਾਧ ਕਿਚੋਤੀ | ੮. ਘਾਤਕਾ | ੯. ਉਪਦੇਸ਼ਕਾ |

ਕਹੇ ਮਨੂੰ ਜੀ ਨੌਂ ਕਸਾਈ । ਗਿਣਤੀ ਜਿਨਕੀ ਕਰ ਸਮਝਾਈ ।
ਬੁਚੜ ਪਾਸ ਜੋ ਜਾਕੇ ਵੇਚੇ । ਦੂਜਾ ਸੋ ਜੋ ਛੁਰੀ ਲਿਖੇਤੇ ।
ਤੀਜਾ ਸੋ ਜੋ ਪ੍ਰਾਣ ਹਤੇਚੇ । ਚੌਥਾ ਸੋ ਜੋ ਤੁਲਾ (ਤਕੜੀ) ਝੜਾਵੇ ।
ਪੰਜਵਾਂ ਸੋ ਜੋ ਮੋਲ ਲਿਆਵੇ । ਛੇਵਾਂ ਜੋ ਭੀ ਰਿੰਨ ਪਕਾਵੇ ।
ਸਤਵਾਂ ਉਹ ਜੋ ਥਾਲ ਲਗਾਵੇ । ਖਾਂਦੇ ਅਖੀਂ ਦੇਖਣ ਪਾਵੇ ।
ਸਭਦਾ ਭਾਗੀ ਜੋ ਪੜ੍ਹ ਸੁਣਾਵੇ । ਪੜ੍ਹਕੇ ਖਾਣਾ ਸਿਧ ਕਰਾਵੇ ।

। ਸਮਾਪਤ ।

Namdhari Elibrary NamdhariElibrary@gmail.com

[ ਸਾਰੇ ਹੱਕ ਲੇਖਕ ਦੇ ਰਾਖਵੇਂ ਹਨ ]

ਲੇਖਕ ਤੇ ਪ੍ਰਕਾਸ਼ਕ :
ਤੇਜਾ ਸਿੰਘ ਗਿਆਨੀ

ਛਾਪਕ :
ਰਵੀ ਆਰਟ ਪ੍ਰੈਸ, ਹੁਸ਼ਿਆਰਪੁਰ ਰੋਡ ਜਲੰਧਰ ।

Namdhari Elibrary NamdhariElibrary@gmail.com